ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 19/10 ਅਕਤੂਬਰ 2019 – ਨਾਨਕਸ਼ਾਹੀ ਅੱਸੂ-ਕੱਤਕ 551

## ਇਤਿਹਾਸਿਕ ਦਿਹਾੜੇ

### ਅਕਤੂਬਰ ਅਤੇ ਨਵੰਬਰ

| | |
|---|---|
| ਦਰਬਾਰ ਖਾਲਸਾ (ਦੁਸ਼ਹਿਰਾ) | 8 ਅਕਤੂਬਰ |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮਦਾਸ ਜੀ | 15 ਅਕਤੂਬਰ |
| ਜੋਤੀ ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 22 ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 22 ਅਕਤੂਬਰ |
| ਬੰਦੀ ਛੋੜ ਦਿਵਸ (ਦਿਵਾਲੀ ) | 27 ਅਕਤੂਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 29 ਅਕਤੂਬਰ |
| ਸਾਕਾ ਪੰਜਾ ਸਾਹਿਬ (ਪਾਕਿਸਾਨ) | 30 ਅਕਤੂਬਰ |
| ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 1 ਨਵੰਬਰ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 8 ਨਵੰਬਰ |
| ੫੫੦ ਸਾਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 12 ਨਵੰਬਰ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 15 ਨਵੰਬਰ |

www.gurmatparsar.com

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥

ਮਾਝ ਬਾਰਹਮਾਹਾ (ਮਃ ੫) - ਅੰਗ ੧੩੫

ਪਦ ਅਰਥ :- ਕਤਿਕਿ-ਕੱਤਕ (ਦੀ ਠੰਢੀ ਬਹਾਰ) ਵਿਚ । ਕਾਹੂ ਜੋਗੁ-ਕਿਸੇ ਦੇ ਜਿਮੇ, ਕਿਸੇ ਦੇ ਮੱਥੇ । ਵਿਆਪਨ੍ਹਿ-ਜੋਰ ਪਾ ਲੈਂਦੇ ਹਨ । ਰਾਮ ਤੇ-ਰੱਬ ਤੋਂ । ਲਗਨ੍ਹਿ-ਲੱਗ ਜਾਂਦੇ ਹਨ । ਜਨਮ ਵਿਜੋਗ-ਜਨਮਾਂ ਦੇ ਵਿਛੋੜੇ, ਲੰਮੇ ਵਿਛੋੜੇ । ਮਾਇਆ ਭੋਗ-ਮਾਇਆ ਦੀਆਂ ਮੌਜਾਂ, ਦੁਨੀਆਂ ਦੇ ਐਸ਼ । ਵਿਚੁ-ਵਿਚੋਲਾ ਪਨ । ਕਿਸ ਥੈ-(ਹੋਰ) ਕਿਸ ਕੋਲ ? ਰੋਜ਼-ਨਿਤ, ਹਰ ਰੋਜ਼ । ਕੀਤਾ-ਆਪਣਾ ਕੀਤਾ । ਧੁਰਿ-ਧੁਰ ਤੋਂ, ਪ੍ਰਭੂ ਦੀ ਹਜ਼ੂਰੀ ਤੋਂ । ਸਭਿ-ਸਾਰੇ । ਬਿਓਗ-ਵਿਛੌੜੇ ਦੇ ਦੁੱਖ । ਕਉ-ਨੂੰ ਪ੍ਰਭੂ-ਹੇ ਪ੍ਰਭੂ ! ਬੰਦੀ ਮੋਚ-ਹੇ ਕੈਦ ਤੋਂ ਛੁਡਾਣ ਵਾਲੇ ! ਬਿਨਸਹਿ-ਨਾਸ ਹੋ ਜਾਂਦੇ ਹਨ । ਸੋਚ ਫਿਕਰ ।

ਅਰਥ:- ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ-ਪਤੀ ਨਾਲੋਂ ਵਿਛੋੜਾ ਰਿਹਾ ਤਾਂ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ; ਕਿਸੇ ਹੋਰ ਦੇ ਮੱਥੇ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ । ਪਰਮੇਸ਼ਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆਂ ਦੇ) ਸਾਰੇ ਦੁੱਖ-ਕਲੇਸ਼ ਜ਼ੋਰ ਪਾ ਲੇਂਦੇ ਹਨ । ਜਿੰਨ੍ਹਾਂ ਨੇ (ਇਸ ਜਨਮ ਵਿੱਚ) ਪਰਮਾਤਮ ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ; ਉਹਨਾਂ ਨੂੰ (ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ ਜੇਹੜੀਆਂ ਮਾਇਆ ਦੀਆਂ ਮੌਜਾਂ (ਦੀ ਖ਼ਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿੱਚ ਦੁਖਦਾਰੀ ਹੋ ਜਾਂਦੀਆਂ ਹਨ, (ਉਸ ਦੁੱਖੀ ਹਾਲਤ ਵਿੱਚ) ਕਿਸੇ ਪਾਸ ਭੀ ਨਿੱਤ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਦੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾ-ਪਨ ਨਹੀਂ ਕਰ ਸਕਦਾ । (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ) ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ

ਬਣਦੀ ਹੈ। (ਹਾਂ !) ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ।

ਨਾਨਕ ਦੀ ਤਾਂ ਇਹੀ ਬੇਨਤੀ ਹੈ-) ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ ! ਨਾਨਕ ਨੂੰ (ਮਾਇਆ ਦੇ ਮੋਹ ਤੋਂ) ਬਚਾ ਲੈ।ਕੱਤਕ (ਦੀ ਸੁਆਦਲੀ ਰੁੱਤ) ਵਿੱਚ ਜਿੰਨ੍ਹਾਂ ਨੂੰ ਸਾਧ ਸੰਗਤਿ ਮਿਲ ਜਾਏ, ਉਹਨਾਂ ਦੇ (ਵਿਛੋੜੇ ਵਾਲੇ ਸਾਰੇ ਚਿੰਤਾਂ-ਖੋਰੇ ਮੁੱਕ ਜਾਂਦੇ ਹਨ।੯।

## ਨਾਨਕੁ ਸਾਇਰੁ ਏਵ ਕਹਤ ਹੈ

ਪ੍ਰਿੰ. ਨਰਿੰਦਰ ਬੀਰ ਸਿੰਘ

ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਭਾਰਤ ਦੀ ਸਮਾਜਿਕ/ਧਾਰਮਿਕ ਹਾਲਤ ਬੜੀ ਤਰਸ ਯੋਗ ਸੀ। ਸਮਾਜ ਵਿੱਚ ਊਂਚ/ਨੀਚ, ਜਾਤ, ਪਾਤ, ਦੀਆਂ ਵੰਡੀਆ ਪਈਆ ਹੋਈਆ ਸਨ। ਸਮਾਜ ਧਾਰਮਿਕ ਤੌਰ ਤੇ ਅਨੇਕ ਕਰਮ ਕਾਂਡਾ ਵਿੱਚ ਫਸਿਆ ਹੋਇਆ ਸੀ। ਸਰਬ ਸ਼ਕਤੀਮਾਨ ਅਕਾਲ ਪੁਰਖ ਤੋਂ ਟੁੱਟ ਕੇ ਅਨੇਕ ਦੇਵੀ ਦੇਵਤਿਆਂ ਦੀ ਪੂਜਾ ਅਰਚਨਾ ਵਿੱਚ ਰੁੱਝਿਆ ਹੋਇਆ ਸੀ। ਧਾਰਮਿਕ ਆਗੂ ਸਮਾਜ ਦਾ ਪੂਰੀ ਤਰਾਂ ਸੋਸ਼ਣ ਕਰ ਰਿਹਾ ਸੀ ਅਤੇ ਮਨੁੱਖ ਅਗਿਆਨਤਾ ਦੇ ਅੰਧੇਰੇ ਵਿੱਚ ਭਟਕ ਕੇ ਆਪਣਾ ਬਹੁਮੁੱਲਾ ਜਨਮ ਵਿਅਰਥ ਵਿੱਚ ਗਵਾ ਰਿਹਾ ਸੀ। ਧਾਰਮਿਕ ਆਗੂਆ ਦੇ ਇਨ੍ਹਾਂ ਵਤੀਰਿਆਂ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਇਉਂ ਸੰਬੋਧਨ ਕੀਤਾ।

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥**

**- ਧਨਾਸਰੀ (ਮ: ੧) - ਅੰਗ ੬੬੨**

ਉਪਰੋਕਤ ਤੋਂ ਸਪਸ਼ਟ ਹੈ ਕਿ ਸਮੇਂ ਦੇ ਤਿੰਨ ਆਗੂ ਕਾਜ਼ੀ, ਬ੍ਰਾਹਮਣ ਅਤੇ ਜੋਗੀ ਗਿਆਨ ਹੀਣ ਹੋ ਕੇ ਲੋਕਾਈ ਨੂੰ ਕੁਰਾਹੇ ਪਾ ਰਹੇ ਸਨ। ਉਸ ਸਮੇਂ ਦੀ ਸਮਾਜ ਦੀ ਹਾਲਤ ਗੁਰੂ ਨਾਨਕ ਸਾਹਿਬ ਨੇ ਇਸ ਪ੍ਰਕਾਰ ਵਰਣਨ ਕੀਤੀ :-

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥**
**ਵਿਚਿ ਹਉਮੈ ਕਰਿ ਦੁਖੁ ਰੋਈ ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥**

**- ਮਾਝ ਕੀ ਵਾਰ (ਮ: ੧) - ਅੰਗ ੧੪੫**

ਉਸ ਸਮੇਂ ਦੀ ਹਾਲਤ ਨੂੰ ਭਾਈ ਗੁਰਦਾਸ ਜੀ ਨੇ ਅਪਣੀ ਰਚਨਾ ਵਿੱਚ ਇਉਂ ਕਲਮਬੱਧ ਕੀਤਾ ਹੈ।

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸ਼ਵਤੀ ਵਢੀ ਲੈ ਕੈ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ ॥

ਭਾਈ ਗੁਰਦਾਸ ਜੀ (ਵਾਰ ੧ ਪਉੜੀ ੩੦)

ਇਸ ਪਾਪ ਦੇ ਵਰਤਾਰੇ ਦੀ ਸੁਧਾਈ ਲਈ ਗੁਰੂ ਨਾਨਕ ਪਾਤਸ਼ਾਹ ਨੇ ਕਾਰਜ ਆਰੰਭ ਕਰ ਦਿੱਤਾ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ॥ ਭਾਈ(ਵਾਰ੧ ਪਉੜੀ ੨੪)

ਗੁਰੂ ਨਾਨਕ ਪਾਤਸ਼ਾਹ ਨੇ ਅਨੁਭਵ ਕੀਤਾ ਕਿ ਸਮਾਜ ਅਗਿਆਨਤਾ ਵਸ ਅਨੇਕ ਤਰ੍ਹਾਂ ਦੇ ਕਰਮ ਕਾਂਡਾ ਵਿੱਚ ਫਸਿਆ ਹੋਇਆ ਹੈ ਅਤੇ ਸਾਰੇ ਕਰਮ ਜੋ ਉਹ ਧਾਰਮਿਕ ਤੌਰ ਤੇ ਕਰ ਰਿਹਾ ਹੈ ਉਸ ਪਿੱਛੇ ਇੱਕ ਬਹੁਤ ਵੱਡਾ ਭਰਮ ਜਾਲ ਹੈ। ਭਰਮ ਕਰਕੇ ਉਸ ਦੇ ਅੰਦਰ ਹਮੇਸ਼ਾ ਹੀ ਡਰ ਬਣਿਆ ਰਹਿੰਦਾ ਹੈ। ਉਸ ਡਰ ਕਾਰਨ ਹੀ ਉਹ ਅਨੇਕ ਤਰਾਂ ਦੇ ਪੁੰਨ ਕਰਮ, ਤੀਰਥ ਇਸ਼ਨਾਨ, ਜਪੁ ਤਪੁ ਅਤੇ ਕੀਤੇ ਪਾਪ ਤੋਂ ਨਿਵਰਤੀ ਪ੍ਰਾਪਤ ਕਰਨ ਲਈ ਪਰਾਸ਼ਚਿਤ ਕਰਮ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖਤਾ ਨੂੰ ਇਸ ਭਰਮ ਜਾਲ ਚੋਂ ਕੱਢ ਕੇ ਕੇਵਲ ਇੱਕ ਅਕਾਲ ਪੁਰਖ ਨਾਲ ਜੋੜਿਆ। ਜੀਵਨ ਦਾ ਸਹੀ ਅਤੇ ਸੁਖੈਨ ਮਾਰਗ ਦਰਸਾਇਆ, ਫੁਰਮਾਨ ਹੈ –

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥

ਗੂਜਰੀ ਕੀ ਵਾਰ:੨ (ਮਃ ੫) – ਅੰਗ ੫੨੨

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ
ਲਏ ਮਿਲਾਇ ਜੀਉ ॥੧੦॥ ਸਿਰੀਰਾਗੁ(ਮਃ ੧) – ਅੰਗ ੭੨

**ਐਸੇ ਗੁਰ ਕਉ ਬਲਿ ਬਲਿ ਜਾਈਐ**
**ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥**

**ਕਾਨੜਾ (ਮਃ ੫) – ਅੰਗ ੧੩੦੧**

ਕਿਸੇ ਮਨੁੱਖ ਵਿੱਚ ਵੀ ਭਰਮ ਪੈ ਜਾਵੇ ਉਹ ਮਨੁੱਖ ਨੂੰ ਹਮੇਸ਼ਾਂ ਭੈ ਭੀਤ ਕਰੀ ਰਖਦਾ ਹੈ । ਅਸਲ ਵਿੱਚ ਤਾਂ ਭਰਮ ਕੁਝ ਵੀ ਨਹੀਂ ਪਰ ਮਨੁੱਖ ਕੁਛ ਅਪਣੇ ਅੰਦਰ ਸਮਝ ਬੈਠਦਾ ਹੈ । ਉਸ ਕਾਰਨ ਮਨੁੱਖ ਡਰਦਾ ਹੈ । ਬਾਣੀ ਇਸ ਭਰਮ ਨੂੰ ਸਪਸ਼ਟ ਕਰਦੀ ਹੈ –

**ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥**
**ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥**

**– ਸੋਰਠਿ (ਭ. ਰਵਿਦਾਸ) – ਅੰਗ ੬੫੭**

ਧਾਰਮਿਕ ਆਗੂ ਜਾ ਇੰਜ ਕਹੀਏ ਅਖੌਤੀ ਗੁਰੂ ਮਨੁੱਖ ਦੀ ਇਸ ਕਮਜੋਰੀ ਦਾ ਚੰਗੀ ਤਰ੍ਹਾਂ ਲਾਭ ਉਠਾਉਂਦੇ ਹਨ । ਇੱਕ ਗੱਲ ਇਹ ਵੀ ਸਪਸ਼ਟ ਹੈ ਜਿਹੜਾ ਗੁਰੂ ਜਿਨ੍ਹੇਂ ਵੱਡੇ ਪਾਖੰਡ ਦੇ ਕਰਮ ਬਣਾਉਂਦਾ ਹੈ, ਭਰਮ ਜਾਲ ਵਿਛਾਉਂਦਾ ਹੈ ਉਤਨਾ ਹੀ ਵਡਾ ਗੁਰੂ ਉਸਨੂੰ ਮੰਨਿਆ ਜਾਂਦਾ ਹੈ । ਅਸਲ ਵਿੱਚ ਇਹ ਇੱਕ ਐਸਾ ਭਰਮ ਜਾਲ ਹੈ ਜਿਸ ਵਿਚੋਂ ਮਨੁੱਖ ਨੂੰ ਨਿਕਲਣਾ ਮੁਸ਼ਕਲ ਹੈ । ਗੁਰੂ ਨਾਨਕ ਪਾਤਸ਼ਾਹ ਨੇ ਸੰਗਤ ਨੂੰ ਭਰਮ ਜਾਲ ਤੋਂ ਕੱਢ ਕੇ ਪ੍ਰਭੂ ਪ੍ਰਮਾਤਮਾ ਦੀ ਸਿਫਤ ਸਲਾਹ ਵੱਲ ਲਗਾਇਆ ।

ਆਓ ਹੁਣ ਗੁਰ ਨਾਨਕ ਪਾਤਸ਼ਾਹ ਦੁਆਰਾ ਦਰਸਾਈ ਜੀਵਨ ਜਾਂਚ ਤੋਂ ਸੇਧ ਪ੍ਰਾਪਤ ਕਰੀਏ ਅਤੇ ਆਪਣਾ ਜਨਮ ਸਫਲ ਬਣਾਉਣ ਦਾ ਯਤਨ ਕਰੀਏ।

ਗੁਰੂ ਨਾਨਕ ਪਾਤਸ਼ਾਹ ਨੇ ਬਚਪਨ ਤੋਂ ਹੀ ਇਸ ਕਾਰਜ ਨੂੰ ਆਰੰਭ ਕਰ ਦਿੱਤਾ ਜਦੋਂ ਉਨ੍ਹਾਂ ਦੇ ਗਲੇ ਵਿੱਚ ਪੰਡਿਤ ਹਰਦਿਆਲ ਜੀ ਜਨੇਊ ਪਾਉਣ ਲੱਗੇ ਤਾਂ ਗੁਰੂ ਨਾਨਕ ਪਾਤਸ਼ਾਹ ਨੇ ਬਾਲ ਅਵਸਥਾ ਵਿੱਚ ਪ੍ਰਸ਼ਨ ਕੀਤਾ ਕਿ ਜਨੇਊ ਪਾਣ ਨਾਲ ਕੀ ਹੁੰਦਾ ਹੈ । ਪੰਡਿਤ ਹਰਦਿਆਲ ਜੀ ਦਾ ਉੱਤਰ ਸੀ ਇਸ ਨਾਲ ਮਨੁੱਖ ਧਰਮੀ ਬਣ ਜਾਂਦਾ ਹੈ । ਗੁਰੂ ਸਾਹਿਬ ਨੇ ਫਿਰ ਪ੍ਰਸ਼ਨ ਖੜਾ ਕਰ ਦਿੱਤਾ ਕਿ ਮੇਰੀ ਮਾਤਾ ਮੇਰੀ ਵੱਡੀ ਭੈਣ ਨਾਨਕੀ ਇਨ੍ਹਾਂ ਨੇ ਤਾਂ ਜਨੇਊ ਨਹੀਂ ਪਹਿਨਿਆ ਹੋਇਆ ਤਾਂ ਉੱਤਰ ਸੀ ਇਸਤ੍ਰੀ ਜਾਤੀ ਨੂੰ ਇਹ ਪਾਉਣ ਦੀ ਆਗਿਆ ਨਹੀਂ । ਫਿਰ ਗੁਰੂ ਸਾਹਿਬ ਨੇ ਆਪਣੇ ਸਾਥੀ ਮਰਦਾਨੇ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਹ ਜਨੇਊ ਇਸਨੂੰ ਪਾ ਦਿਓ ਤਾਂ ਪੰਡਿਤ ਜੀ ਨੇ ਕਿਹਾ ਕਿ ਇਹ ਸੂਦਰ ਹੈ ਨੀਚ ਜਾਤ ਦਾ ਹੈ ਇਸਨੂੰ ਵੀ ਇਹ ਜਨੇਊ ਨਹੀਂ ਪਾਇਆ ਜਾ ਸਕਦਾ । ਤਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਜੋ ਕਰਮ ਬੱਚੇ ਨੂੰ ਮਾਤਾ ਤੋਂ ਭੈਣ ਤੋਂ ਅਤੇ ਨਾਲ ਸਾਥੀ ਤੋਂ ਅਲੱਗ ਕਰਦਾ ਹੈ ਮੈਂ ਐਸੇ ਜਨੇਊ ਨੂੰ ਨਹੀਂ ਪਾਉਣਾ । ਫਿਰ ਇਹ ਜਨੇਊ

ਤਾਂ ਮੈਲਾ ਹੋ ਜਾਵੇਗਾ ਟੁੱਟ ਜਾਵੇਗਾ ਮਰਨ ਸਮੇਂ ਸੜ ਜਾਵੇਗਾ ਐਸੇ ਜਨੇਊ ਦਾ ਕੀ ਲਾਭ। ਇਸ ਲਈ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਇੱਕ ਐਸੇ ਜਨੇਊ ਦਾ ਜ਼ਿਕਰ ਕੀਤਾ ਜੋ ਨਾ ਟੁੱਟੇ ਨ ਇਸਨੂੰ ਮੈਲ ਲੱਗੇ ਨ ਜਲੇ, ਨ ਪਾਣੀ ਵਿੱਚ ਰੁੜੇ ਅਤੇ ਮਰਨ ਉਪਰੰਤ ਵੀ ਨਾਲ ਜਾਵੇ। ਫੁਰਮਾਨ :-

**ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥**

**– ਆਸਾ ਕੀ ਵਾਰ (ਮ: ੧) – ਅੰਗ ੪੭੧**

**ਅਰਥਾਤ**

ਜੋ ਜਨੇਊ ਬਜਾਰੋਂ ਕੁੱਛ ਮਾਇਆ ਦੇ ਕੇ ਲਿਆਕੇ ਪਾਇਆ ਜਾਂਦਾ ਹੈ ਉਹ ਤਾਂ ਮਰਨ ਨਾਲ ਮਨੁੱਖ ਦੇ ਨਾਲ ਹੀ ਸੜ ਜਾਂਦਾ ਹੈ ਅਤੇ ਮਨੁੱਖ ਬਿਨਾਂ ਜਨੇਊ ਤੋਂ ਹੀ ਸੰਸਾਰ ਤੋਂ ਚਲਾ ਜਾਂਦਾ ਹੈ। ਅਰਥਾਤ ਫਿਰ ਅਧਰਮੀ ਹੀ ਬਣ ਕੇ ਸੰਸਾਰ ਤੋਂ ਜਾਂਦਾ ਹੈ।

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥**
**ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥**

**– ਆਸਾ ਕੀ ਵਾਰ (ਮ: ੧) – ਅੰਗ ੪੭੧**

ਫਿਰ ਗੁਰੂ ਸਾਹਿਬ ਨੇ ਸਮਝਾਇਆ ਕਿ ਜਨੇਊ ਪਾ ਕੇ ਜੇ ਮਨੁੱਖ ਧਰਮੀ ਬਣਦਾ ਹੈ ਤਾਂ ਉਸ ਨੂੰ ਆਪਣੀਆਂ ਇੰਦ੍ਰੀਆਂ ਅੱਖਾਂ, ਹੱਥਾਂ, ਪੈਰਾਂ, ਅਪਣੀ ਜੁਬਾਨ, ਅਪਣੇ ਵਿਕਾਰਾਂ ਵਾਲੇ ਮਨ ਨੂੰ ਕੰਟ੍ਰੋਲ ਕਰਨਾ ਸੀ ਪਰ ਉਹ ਤੇ ਇਹ ਮਨੁੱਖ ਨਾ ਕਰ ਸਕਿਆ ਤੇ ਕੇਵਲ ਵਿਖਾਵੇ ਦੇ ਕਰਮ ਕਰਕੇ ਆਪਣੇ ਆਪ ਨੂੰ ਧਰਮੀ ਅਖਵਾਉਣ ਲੱਗਾ। ਫੁਰਮਾਨ ਹੈ

**ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥**
**ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥**
**ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥**
**ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥**
**ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥**

**– ਆਸਾ ਕੀ ਵਾਰ (ਮ: ੧) – ਅੰਗ ੪੭੧**

ਉਪਰੋਕਤ ਤੋਂ ਇਹ ਸਪੱਸ਼ਟ ਉਪਦੇਸ਼ ਮਿਲਦਾ ਹੈ ਕਿ ਕੇਵਲ ਬਾਹਰਲਾ ਧਾਰਮਿਕ ਪਹਿਰਾਵਾ ਬਾਹਰੀ ਧਰਮ ਦੇ ਨਾਂ ਤੇ ਕੀਤੇ ਕਰਮ ਮਨੁੱਖ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕਰਵਾ ਸਕਦੇ। ਜੀਵਨ ਦੀ ਪ੍ਰਾਪਤੀ ਲਈ ਤਾਂ ਮਨੁੱਖ ਨੂੰ ਬਾਹਰਲੇ ਪਹਿਰਾਵੇ/ਕਰਮਾਂ ਨੂੰ ਇੱਕ ਸੰਕੇਤ ਬਿੰਦੂ ਸਮਝ ਕੇ ਜੀਵਨ ਦੀ ਘਾੜਤ ਕਰਨੀ ਬਣਦੀ ਹੈ, ਸੱਚ ਵਲ ਤੁਰਨਾ ਪੈਂਦਾ ਹੈ। ਅੰਦਰ ਦੀ ਘਾੜਤ ਤੋਂ ਬਿਨਾਂ ਮਨੁੱਖ ਜੀਵਨ ਮਨੋਰਥ ਪ੍ਰਭ-ਪ੍ਰਮਾਤਮਾਂ ਵਿੱਚ ਲੀਨਤਾ ਪ੍ਰਾਪਤ ਨਹੀਂ ਕਰ ਸਕਦਾ।

ਸਾਨੂੰ ਗੁਰਸਿੱਖਾਂ ਨੂੰ ਵੀ ਅਪਣੇ ਅੰਦਰ ਝਾਤ ਮਾਰਨੀ ਪਵੇਗੀ ਕਿ ਅਸੀ ਗੁਰੂ ਦੁਆਰਾ ਬਖਸ਼ੇ ਕਕਾਰਾਂ ਨੂੰ ਪਹਿਨ ਕੇ ਵੀ ਸਿੱਖੀ ਸਿਧਾਤਾਂ ਤੇ ਕਿੰਨਾ ਕੁ ਪਹਿਰਾ ਦੇ ਰਹੇ ਹਾਂ ਕੀ ਸਾਡੇ ਅੰਦਰ ਆਪਸੀ ਪ੍ਰੇਮ ਪਿਆਰ, ਸੱਚ ਦਾ ਜੀਵਨ ਜੋ ਈਰਖਾ ਦਵੈਤ ਤੋਂ ਮੁਕਤ ਹੋਵੇ ਪ੍ਰਗਟਾ ਹੁੰਦਾ ਹੈ ਜੇ ਇਹ ਕਰ ਸਕੀਏ ਤਾਂ ਅਸੀਂ ਅਸਲ ਰੂਪ ਵਿੱਚ ਗੁਰੂ ਨਾਨਕ ਪਾਤਸ਼ਾਹ ਦਾ 550 ਵਾਂ ਪ੍ਰਕਾਸ਼ ਪੁਰਬ ਮਨਾਉਣ ਵਿੱਚ ਸਫਲ ਹੋ ਸਕਾਂਗੇ।

ਗੁਰੂ ਨਾਨਕ ਪਾਤਸ਼ਾਹ ਜਿਥੇ ਉਨਾਂ ਨੇ ਮਨੁੱਖ ਨੂੰ ਧਰਮੀ ਬਣਨ ਦੀ ਪ੍ਰੇਰਨਾ ਦਿੱਤੀ ਅਤੇ ਉਸਨੂੰ ਬਾਹਰਲੇ ਵਿਖਾਵੇ ਤੋਂ ਉੱਪਰ ਚੁੱਕ ਸੱਚ ਨਾਲ ਜੋੜਿਆ ਅਤੇ ਪੂਰੀ ਮਨੁੱਖਤਾ ਨੂੰ ਇੱਕ ਲੜੀ ਵਿੱਚ ਪਰੋ ਦਿੱਤਾ।

ਉਨਾਂ ਨੇ ਮੁਸਲਮਾਨ ਨੂੰ ਇੱਕ ਸੱਚਾ ਮੁਸਲਮਾਨ ਬਣਨ ਦਾ ਉਪਦੇਸ਼ ਦਿੱਤਾ ਅਤੇ ਉਸ ਨੂੰ ਸੱਚਾ ਨਮਾਜੀ ਬਣਨ ਦਾ ਢੰਗ ਦੱਸਿਆ। ਉਸ ਦੀਆਂ ਪੰਜ ਨਮਾਜਾਂ ਦੀ ਇਸ ਪ੍ਰਕਾਰ ਵਿਆਖਿਆ ਕੀਤੀ

**ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥**
**ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥**
**ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥**
**ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥**
**ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥**

**ਮਾਝ ਕੀ ਵਾਰ (ਮਃ ੧) - ਅੰਗ ੧੪੧**

ਅਰਥਾਤ

(ਮੁਸਲਮਾਨਾਂ ਦੀਆਂ ਪੰਜ ਨਮਾਜ਼ਾਂ ਹਨ, (ਉਹਨਾਂ ਦੇ) ਪੰਜ ਵਕਤ ਹਨ ਤੇ ਪੰਜਾਂ ਹੀ ਨਮਾਜ਼ਾਂ ਦੇ (ਵਖੋ ਵਖਰੇ) ਪੰਜ ਨਾਮ। (ਪਰ ਅਸਾਡੇ ਮਤ ਵਿੱਚ ਅਸਲ ਨਮਾਜ਼ਾਂ ਇਉਂ ਹਨ-) ਸੱਚ ਬੋਲਣਾ ਨਮਾਜ਼ ਦਾ ਪਹਿਲਾ ਨਾਮ ਹੈ (ਭਾਵ, ਸਵੇਰ ਦੀ ਪਹਿਲੀ ਨਮਾਜ਼ ਹੈ), ਹੱਕ ਦੀ ਕਮਾਈ ਦੂਜੀ ਨਮਾਜ਼ ਹੈ, ਰੱਬ ਤੋਂ ਸਭ ਦਾ ਭਲਾ ਮੰਗਣਾ ਨਮਾਜ਼ ਦਾ ਤੀਜਾ ਨਾਮ ਹੈ। ਨੀਅਤ ਨੂੰ ਸਾਫ ਕਰਨਾ ਮਨ ਨੂੰ ਸਾਫ਼ ਰੱਖਣਾ ਇਹ ਚਉਥੀ ਨਮਾਜ਼ ਹੈ ਤੇ ਪਰਮਾਤਮਾ

ਦੀ ਸਿਫਤਿ-ਸਾਲਾਹ ਤੇ ਵਡਿਆਈ ਕਰਨੀ ਇਹ ਪੰਜਵੀਂ ਨਮਾਜ਼ ਹੈ। (ਇਹਨਾਂ ਪੰਜਾਂ ਨਮਾਜ਼ਾਂ ਦੇ ਨਾਲ ਨਾਲ) ਜੋ ਉੱਚਾ ਆਚਰਣ ਬਣਾ ਕੇ ਕਲਮਾਂ ਪੜ੍ਹੇ ਉਹ (ਆਪਣੇ ਆਪ ਨੂੰ) ਮੁਸਲਮਾਨ ਅਖਵਾਏ (ਭਾਵ, ਤਾਂ ਹੀ ਸੱਚਾ ਮੁਸਲਮਾਨ ਅਖਵਾ ਸਕਦਾ ਹੈ)।

ਹੇ ਨਾਨਕ! (ਇਹਨਾਂ ਨਮਾਜ਼ਾਂ ਤੇ ਕਲਮੇਂ ਤੋਂ ਖੁੰਝੇ ਹੋਏ) ਜਿਤਨੇ ਭੀ ਹਨ ਉਹ ਕੂੜ ਦੇ ਵਪਾਰੀ ਹਨ ਤੇ ਕੂੜ ਦੀ ਇੱਜ਼ਤ ਭੀ ਕੂੜੀ ਹੀ ਹੁੰਦੀ ਹੈ ਬਾਹਰਲੇ ਪਹਿਰਾਵੇ ਨੂੰ ਅੰਦਰ ਦੀ ਘਾੜਤ ਦਾ ਇਓ ਢੰਗ ਸਮਝਾਇਆ

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥**
**ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥**
**ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥**

**- ਮਾਝ ਕੀ ਵਾਰ (ਮਃ ੧) - ਅੰਗ ੧੪੦**

**ਅਰਥਾਤ**

(ਲੋਕਾਂ ਉੱਤੇ) ਤਰਸ ਦੀ ਮਸੀਤ (ਬਣਾਓ), ਸ਼ਰਧਾ ਨੂੰ ਮੁਸੱਲਾ ਤੇ ਹੱਕ ਦੀ ਕਮਾਈ ਨੂੰ ਕੁਰਾਨ (ਬਣਾਓ)। ਵਿਕਾਰ ਕਰਨ ਵਲੋਂ ਝੱਕਣਾ-ਇਹ ਸੁੰਨਤ ਹੋਵੇ, ਚੰਗਾ ਸੁਭਾਉ ਰੋਜ਼ਾ ਬਣੇ, ਇਸ ਤਰ੍ਹਾਂ (ਹੇ ਭਾਈ!) ਮੁਸਲਮਾਨ ਬਣ। ਉੱਚਾ ਆਚਰਣ ਕਾਬਾ ਹੋਵੇ, ਅੰਦਰੋਂ ਬਾਹਰੋਂ ਇੱਕੋ ਜਿਹੇ ਰਹਿਣਾ-ਪੀਰ ਹੋਵੇ, ਨੇਕ ਅਮਲਾਂ ਦੀ ਨਮਾਜ਼ ਤੇ ਕਲਮਾ ਬਣੇ। ਜੋ ਗੱਲ ਉਸ ਰੱਬ ਨੂੰ ਭਾਵੇ ਉਹੀ (ਸਿਰ ਮੱਥੇ ਤੇ ਮੰਨਣੀ, ਇਹ) ਤਸਬੀ ਹੋਵੇ। ਹੇ ਨਾਨਕ! (ਅਜੇਹੇ ਮੁਸਲਮਾਨ ਦੀ ਰੱਬ) ਲਾਜ ਰੱਖਦਾ ਹੈ।੧।

ਇਸੇ ਪ੍ਰਕਾਰ ਇੱਕ ਬ੍ਰਾਹਮਣ ਨੂੰ ਸੱਚਾ ਬ੍ਰਾਹਮਣ ਬਣਨ ਦਾ ਉਪਦੇਸ਼ ਦਿੱਤਾ ਅਤੇ ਦ੍ਰਿੜ ਕਰਵਾਇਆ ਕਿ ਅਸਲੀ ਬ੍ਰਾਹਮਣ ਉਹ ਹੈ ਜੋ ਬ੍ਰਹਮ ਦੀ ਵੀਚਾਰ ਕਰਦਾ ਹੈ। ਬ੍ਰਹਮ ਨੂੰ ਪਛਾਣਦਾ ਹੈ ਅਤੇ ਬ੍ਰਹਮ ਦਾ ਰੂਪ ਹੋਣ ਲਈ ਉਦਮ ਉਪਰਾਲਾ ਕਰਦਾ ਹੈ। ਹੇਠ ਕੁਛ ਪ੍ਰਮਾਣ ਇਸ ਦਾ ਨਿਖਾਰ ਕਰਦੇ ਹਨ।

**ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥**
**ਆਪਿ ਤਰੈ ਸਗਲੇ ਕੁਲ ਤਾਰੈ ॥੩॥ ਅੰਗ ੬੬੨**

**- ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥**
**ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥**
**ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥**

**ਸਲੋਕ ਵਾਰਾਂ ਤੇ ਵਧੀਕ (ਮਃ ੧) - ਅੰਗ ੧੪੧੧**

– ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥ ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ ੬੪੯

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥
ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥
ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਅੰਗ ੧੧੨੮

ਗੁਰੂ ਨਾਨਕ ਪਾਤਸ਼ਾਹ ਥਾਂ-ਥਾਂ ਤੇ ਉਸ ਅਕਾਲ ਪੁਰਖ ਦਾ ਗਿਆਨ ਮਨੁੱਖਤਾ, ਮਨੁੱਖਤਾ ਤੇ ਉਸ ਸਮੇਂ ਦੇ ਆਗੂਆਂ ਨੂੰ ਬਖਸ਼ਦੇ ਹੋਏ ਬਿਚਰੇ। ਉਸ ਸਮੇਂ ਸੰਸਾਰ ਵਿੱਚ ਜੋਗ ਮਤਿ ਦਾ ਭੀ ਬਾਹਰਲਾ ਪ੍ਰਭਾਵ ਸੀ ਅਤੇ ਇੱਥੋਂ ਤੱਕ ਕਿ ਇਸ ਪ੍ਰਭਾਵ ਨੇ ਕਈ ਰਾਜਿਆਂ ਨੂੰ ਭੀਖ ਮੰਗਣ ਤੇ ਲਾ ਦਿੱਤਾ ਸੀ।

ਗੁਰੂ ਸਾਹਿਬ ਇਨ੍ਹਾਂ ਜੋਗੀਆਂ ਨੂੰ ਜੀਵਨ ਦੀ ਅਸਲੀ ਜੁਗਤਿ ਪ੍ਰਮਾਤਮਾ ਦੇ ਮਿਲਾਪ ਦੀ ਜੁਗਤਿ ਦਰਸਾਈ। ਅਚਲ ਵਟਾਲੇ, ਨਾਨਕ ਮਤੇ ਅਤੇ ਸੁਮੇਰ ਪ੍ਰਬਤ ਦੀਆਂ ਉਚੀਆਂ ਪਹਾੜੀਆਂ ਤੇ ਵੀਚਾਰ ਅਤੇ ਗੁਰੂ ਦੇ ਸ਼ਬਦ ਨਾਲ ਉਨ੍ਹਾਂ ਨੂੰ ਸਰਸ਼ਾਰ ਕੀਤਾ। ਸੂਹੀ ਰਾਗ ਵਿੱਚ ਜੋਗੀਆਂ ਨੂੰ ਸਮਝਾਉਂਦੇ ਸ਼ਬਦ ਉਚਾਰਨ ਕੀਤਾ –

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥ ਸੂਹੀ (ਮਃ ੧) – ਅੰਗ ੭੩੦

ਸਪੱਸ਼ਟ ਕਰ ਦਿੱਤਾ ਕਿ ਕੇਵਲ ਬਾਹਰਲੇ ਪਹਿਰਾਵੇ ਅਤੇ ਜੋਗ ਦੇ ਭੇਖ ਅਤੇ ਗੱਲਾਂ ਨਾਲ ਪ੍ਰਭੂ ਦਾ ਮਿਲਾਪ ਨਹੀਂ ਹੁੰਦਾ। ਬਲਕਿ ਸਾਰੀ ਮਨੁੱਖਤਾ ਨੂੰ ਸਮ ਦ੍ਰਿਸ਼ਟੀ ਨਾਲ ਵੇਖਣਾ, ਸਾਰਿਆਂ ਅੰਦਰ ਪ੍ਰਭੂ ਨੂੰ ਸਮਾਨ ਵੇਖਣਾ ਹੀ ਜੋਗ ਦੀ ਜੁਗਤਿ ਹੈ ਅਤੇ ਉਹੀ ਅਸਲ ਜੋਗੀ ਹੈ।

ਸਿੱਧਾਂ ਨਾਲ ਹੋਈ ਚਰਚਾ ਦਾ ਜੋ ਖਾਕਾ ਗੁਰੂ ਸਾਹਿਬ ਨੇ ਸਿੱਧ ਗੋਸ਼ਟਿ ਬਾਣੀ ਵਿੱਚ ਚਿਤਰਿਆ ਹੈ ਅਤੇ ਜੋ ਉਸ ਦਾ ਨਚੋੜ ਬਾਣੀ ਦੇ ਅੰਤਲੇ ਬੰਦ ਵਿੱਚ ਇਉਂ ਬਿਆਨਿਆ ਹੈ।

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥

ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥
ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥

– ਰਾਮਕਲੀ ਗੋਸਟਿ (ਮਃ ੧)– ਅੰਗ ੯੪੬

ਅਰਥਾਤ

ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥

– ਧਨਾਸਰੀ (ਮਃ ੧) – ਅੰਗ ੬੬੨

ਜਿੱਥੇ ਗੁਰੂ ਨਾਨਕ ਪਾਤਸ਼ਾਹ ਨੇ ਧਾਰਮਿਕ ਆਗੂਆਂ ਨੂੰ ਅਕਾਲ ਪੁਰਖ ਦੀ ਹੋਂਦ ਨਾਲ ਜੋੜਿਆ ਉੱਥੇ ਹੀ ਉਨ੍ਹਾਂ ਨੇ ਰਾਜਿਆਂ ਨੂੰ, ਸੂਰਮਿਆਂ ਨੂੰ ਅਤੇ ਸਾਧਾਰਣ ਮਨੁੱਖ ਨੂੰ ਜੀਵਨ ਸੇਧ ਬਖਸ਼ੀ। ਅਸਲੀ ਰਾਜੇ ਦਾ ਚਿਤ੍ਰਣ ਗੁਰੂ ਸਾਹਿਬ ਨੇ ਹੇਠ ਹੁਕਮਾਂ ਵਿੱਚ ਕੀਤਾ।

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥
ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥

– ਮਾਰੂ ਵਾਰ:੧ (ਮਃ ੩) – ਅੰਗ ੧੦੮੮

ਉਪਰੋਕਤ ਵੀਚਾਰ ਦਾ ਤਤ-ਸਾਰ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਕੁਰਾਹੇ ਪਈ ਲੋਕਾਈ ਨੂੰ ਸਚਿਆਰ ਬਣਾਨ ਦਾ ਢੰਗ ਦੱਸਿਆ। ਧਾਰਮਿਕ ਬੰਦੇ ਨੂੰ ਅਪਣੇ ਧਰਮ ਦੀ ਪਾਲਨਾ ਕਰਦੇ ਹੋਏ ਸੱਚ ਨਾਲ ਜੁੜਨ ਦਾ ਢੰਗ ਬਖਸ਼ਿਆ। ਸਾਰੀ ਮਨੁੱਖਤਾ ਨੂੰ ਆਮ ਕਰਕੇ ਅਤੇ ਗੁਰਸਿੱਖਾਂ ਨੂੰ ਵਿਸ਼ੇਸ਼ ਕਰਕੇ ਹੁਕਮ ਕੀਤਾ।

ਸਿਖੀ ਸਿਖਿਆ ਗੁਰ ਵੀਚਾਰਿ ॥ ਨਦਰੀ ਕਰਮਿ ਲਘਾਏ ਪਾਰਿ॥

– ਆਸਾ ਕੀ ਵਾਰ (ਮਃ ੧) – ਅੰਗ ੪੬੫

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਜਪੁ (ਮਃ ੧) – ਅੰਗ ੧

ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥

ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥

ਸਿਰੀਰਾਗੁ (ਮਃ ੧) – ਅੰਗ ੧੯

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥

ਸਿਰੀਰਾਗੁ (ਮ: ੧) - ਅੰਗ ੬੨

ਅਤੇ ਅੰਤ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥
ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥
ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥

ਬਿਲਾਵਲੁ ਕੀ ਵਾਰ (ਮ: ੩) - ਅੰਗ ੮੫੩

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

## ਗੁਰੂ ਰਾਮ ਦਾਸ ਜੀ

ਭਾਈ ਜੇਠਾ ਜੀ (ਗੁਰੂ ਰਾਮ ਦਾਸ ਜੀ) ਦਾ ਜਨਮ 1534 ਈ. ਨੂੰ ਚੂਨਾ ਮੰਡੀ, ਲਾਹੌਰ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਹਰਦਾਸ ਜੀ ਅਤੇ ਮਾਤਾ ਦਾ ਨਾਮ ਦਯਾ ਕੌਰ ਸੀ। ਆਪ ਦਾ ਸੰਬੰਧ ਸੋਢੀ ਕੁਲ ਨਾਲ ਸੀ ਅਤੇ ਪਰਿਵਾਰਿਕ ਕਿੱਤਾ ਦੁਕਾਨਦਾਰੀ ਸੀ। ਸਤ ਸਾਲ ਦੀ ਉਮਰ ਵਿੱਚ ਹੀ ਮਾਤਾ-ਪਿਤਾ ਦਾ ਸਾਇਆ ਆਪ ਦੇ ਸਿਰ ਤੋਂ ਉੱਠ ਗਿਆ। ਆਪ ਦੀ ਗ਼ਰੀਬ ਨਾਨੀ ਆਪ ਨੂੰ ਆਪਣੇ ਕੋਲ ਬਾਸਰਕੇ ਲੈ ਆਈ ਅਤੇ ਇੱਥੇ ਹੀ ਆਪ ਦਾ ਪਹਿਲੀ ਵਾਰ ਤੀਸਰੇ ਪਾਤਸ਼ਾਹ ਨਾਲ ਮੇਲ ਹੋਇਆ।

ਭਾਈ ਜੇਠਾ ਲਈ ਪਹਿਲਾ ਕਰਮ ਗੁਰੂ ਘਰ ਦੀ ਸੇਵਾ ਸੀ, ਪਰ ਇਸਦੇ ਨਾਲ-ਨਾਲ ਬਿਰਧ ਨਾਨੀ ਦੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਸੀ। ਇਸ ਲਈ ਜੀਵਿਕਾ ਲਈ ਪਹਿਲਾਂ ਆਪ ਘੁੰਙਣੀਆਂ ਵੇਚਦੇ ਅਤੇ ਵੱਟਕ ਨਾਨੀ ਦੇ ਹਵਾਲੇ ਕਰ ਗੁਰੂ ਘਰ ਪਹੁੰਚ ਜਾਂਦੇ। ਗੁਰੂ ਅਮਰਦਾਸ ਸਾਹਿਬ ਨੇ ਆਪਣੀ ਸਾਹਿਬਜ਼ਾਦੀ ਬੀਬੀ ਭਾਨੀ ਨਾਲ ਆਪ ਦਾ ਵਿਆਹ ਕਰ ਆਪ ਨੂੰ ਗਲ ਨਾਲ ਲਾਇਆ। ਵਿਆਹ ਪਿੱਛੋਂ ਆਪ ਦੇ ਘਰ ਤਿੰਨ ਪੁੱਤਰ ਪੈਦਾ ਹੋਏ- ਬਾਬਾ ਪ੍ਰਿਥੀਚੰਦ, ਮਹਾਂਦੇਵ ਅਤੇ (ਗੁਰੂ) ਅਰਜਨ ਦੇਵ।

1574 ਈ. ਵਿੱਚ ਤੀਜੇ ਪਾਤਸ਼ਾਹ ਨੇ ਗੁਰੂ ਰਾਮ ਦਾਸ ਜੀ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕਰ ਗੁਰੂ ਪਦ ਉੱਤੇ ਸੁਸ਼ੋਭਿਤ ਕਰ ਦਿੱਤਾ। ਤੀਜੇ ਪਾਤਸ਼ਾਹ ਨੇ ਗੁਰੂ ਕੇ ਚੱਕ ਦੀ ਜ਼ਿੰਮੇਵਾਰੀ ਪਹਿਲਾਂ ਹੀ ਆਪ ਜੀ ਨੂੰ ਸੌਂਪ ਦਿੱਤੀ ਹੋਈ ਸੀ। ਆਪ ਗੁਰਿਆਈ ਧਾਰਨ ਕਰਨ ਉਪ੍ਰੰਤ ਇੱਥੇ ਹੀ ਆ ਵੱਸੇ ਅਤੇ ਅੰਮ੍ਰਿਤਸਰ ਸ਼ਹਿਰ ਵਿੱਚ 52 ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਵਸਾਇਆ। ਗੁਰੂ ਰਾਮਦਾਸ ਜੀ ਨੇ ਦੋ ਸਰੋਵਰ- ਰਾਮਸਰ ਅਤੇ ਸੰਤੋਖਸਰ ਦੀ ਖੁਦਾਈ ਦਾ ਕਾਰਜ ਵੀ ਆਰੰਭ ਦਿੱਤਾ। ਸਿੱਖ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿੱਚ ਉਸ ਵੇਲੇ ਤੱਕ ਵੱਡਾ ਵਾਧਾ ਹੋ ਚੁੱਕਾ ਸੀ। ਇਸ ਲਈ ਆਪਣੇ ਮਸੰਦ ਪ੍ਰਥਾ ਦੀ ਸਥਾਪਨਾ ਕੀਤੀ। ਇਨ੍ਹਾਂ ਦਾ ਕਾਰਜ ਦੂਰ-ਦੁਰਾਡੇ ਖੇਤਰਾਂ ਵਿੱਚ ਜਾ ਕੇ ਗੁਰੂ ਨਾਨਕ ਦੇ ਸਿਧਾਂਤ ਦਾ ਪ੍ਰਚਾਰ ਕਰਨਾ ਸੀ। ਗੁਰੂ ਪਾਤਸ਼ਾਹ ਨੇ ਜਦੋਂ ਅਨੁਭਵ ਕਰ ਲਿਆ ਕਿ ਸਮਾਂ ਨੇੜੇ ਆ ਰਿਹਾ ਹੈ ਤਾਂ ਸੰਗਤ ਨੂੰ ਸੱਦਿਆ ਅਤੇ ਗੁਰਿਆਈ ਦੀ ਜ਼ਿੰਮੇਵਾਰੀ ਪੰਜਵੇਂ ਪਾਤਸ਼ਾਹ ਵਜੋਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ।

ਬਾਣੀ ਰਚਨਾ : 638 ਸ਼ਬਦ, 30 ਰਾਗਾਂ ਵਿੱਚ

ਪ੍ਰਮੁੱਖ ਬਾਣੀਆਂ : 8 ਵਾਰਾਂ - ਸਿਰੀ ਰਾਗੁ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਤੇ ਕਾਨੜਾ ਰਾਗ ਵਿੱਚ, ਘੋੜੀਆ, ਪਹਰੇ, ਕਰਹਲੇ, ਵਣਜਾਰਾ ਅਤੇ ਸੂਹੀ ਰਾਗ ਵਿੱਚ 'ਅਨੰਦ ਕਾਰਜ' ਵੇਲੇ ਪੜ੍ਹੀ ਜਾਂਦੀ ਲਾਵਾਂ ਦੀ ਬਾਣੀ

**ਧੰਨਵਾਦ ਸਾਹਿਤ ਵਿਚੋਂ :- ਗੁਰੂ ਗ੍ਰੰਥ ਸਾਹਿਬ ਜੀਵਨ ਜੁਗਤਿ**
**ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ**

## ਅਨੰਦ ਕਾਰਜ

ਭਾਈ ਕ੍ਰਿਸ਼ਨ ਸਿੰਘ

ਜਿਵੇਂ ਸ਼ਾਦੀ ਦੀ ਰਸਮ ਆਪਣੇ-ਆਪਣੇ ਧਰਮ ਮੁਤਾਬਕ ਨਿਬਾਹੀ ਜਾਂਦੀ ਹੈ, ਤਿਵੇਂ ਹੀ ਸਿੱਖ ਧਰਮ ਵਿੱਚ ਇਸ ਮਰਯਾਦਾ ਨੂੰ ਵਿਆਹ ਜਾਂ ਸ਼ਾਦੀ ਦੀ ਥਾਂ ਅਨੰਦ ਕਾਰਜ ਦਾ ਨਾਮ ਦਿੱਤਾ ਜਾਂਦਾ ਹੈ । ਇਸ ਅਨੰਦ ਕਾਰਜ ਦੀ ਮਰਯਾਦਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਹੁੰਦੀ ਹੈ, ਉੱਥੇ ਲਾਵਾਂ ਵੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਹੀ ਹੁੰਦੀਆਂ ਹਨ ।

ਅਨੰਦ ਕਾਰਜ ਤੋਂ ਪਹਿਲਾਂ ਆਰੰਭਕ ਪੜਾਅ ਹੈ- ਸ਼ਗਨ ਜਾਂ ਕੁੜਮਾਈ ਦਾ, ਜਿਸ ਦਾ ਜ਼ਿਕਰ ਸੰਖੇਪ ਵਿੱਚ ਪਿਛਲੇ ਪ੍ਰਕਰਣ ਵਿੱਚ ਦਿੱਤਾ ਗਿਆ ਹੈ । ਦੂਸਰੀ ਮਰਯਾਦਾ ਆਰੰਭਕ ਅਰਦਾਸ ਦੀ ਹੈ ਤੇ ਫਿਰ ਇਸ ਤੋਂ ਬਾਅਦ ਪੱਲਾ ਫੜਾਉਣ ਦੀ ਮਰਯਾਦਾ ਹੈ । ਉਪਰੰਤ ਚਾਰ ਲਾਵਾਂ ਦਾ ਪਾਠ-ਕੀਰਤਨ ਹੈ । ਸੰਪੂਰਨ ਅਨੰਦ ਸਾਹਿਬ ਜੀ ਦੀਆਂ ਛੇ ਪਉੜੀਆਂ ਤੇ ਅਰਦਾਸ ਹੈ ।

ਗੁਰਮਤਿ ਅਨੁਸਾਰ ਬੱਚੇ ਬੱਚੀ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਜਿਵੇਂ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਾਦੀ ਸਮੇਂ ਮਾਤਾ ਗੁਜਰੀ ਜੀ ਦੇ ਪਿਤਾ ਲਾਲ ਚੰਦ ਜੀ ਨੇ ਹੱਥ ਜੋੜ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਖਿਆ ਕਿ ਅਸੀਂ ਆਪ ਜੀ ਦੀ ਚੰਗੀ ਤਰ੍ਹਾਂ ਸੇਵਾ ਨਹੀਂ ਕਰ ਸਕੇ, ਅਸੀਂ ਕੁਝ ਆਪ ਜੀ ਨੂੰ ਦੇਣ ਜੋਗੇ ਨਹੀਂ ਹਾਂ । ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਲਾਲ ਚੰਦ ਨੂੰ ਉੱਤਰ ਦਿੱਤਾ :

**ਤੁਮ ਦੀਨੋ ਸਕਲ ਬਿਸਾਲਾ ॥** **(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)**

ਲਾਲ ਚੰਦ ਜੀ, ਤੁਸੀਂ ਤਾਂ ਬਹੁਤ ਕੁਝ ਹੀ ਦੇ ਦਿੱਤਾ ਹੈ । ਤਾਂ ਅੱਗੋਂ ਲਾਲ ਚੰਦ ਜੀ ਨੇ ਆਖਿਆ-ਮਹਾਰਾਜ, ਅਸੀਂ ਤਾਂ ਕੁਝ ਵੀ ਨਹੀਂ ਦਿੱਤਾ, ਇਹ ਤੁਸੀਂ ਕੀ ਆਖ ਰਹੇ ਹੋ ? ਤਾਂ ਸਤਿਗੁਰਾਂ ਕਿਹਾ :

**ਜਿਨ ਤਨੁਜਾ ਅਰਪਣ ਕੀਨੰ ॥ ਕਯਾ ਪਾਛੇ ਤਿਨ ਰਖਿ ਲੀਨੰ ॥੨੪॥**
**(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)**

ਜਿਸ ਨੇ ਆਪਣੀ ਬੱਚੀ ਹੀ ਦੇ ਦਿੱਤੀ, ਉਸ ਨੇ ਬਾਕੀ ਕੀ ਰੱਖਿਆ ? ਅੱਜ ਜੋ ਦਾਜ ਦੇਣ ਦਾ ਰਿਵਾਜ ਹੈ, ਇਸ ਨੂੰ ਗੁਰਮਤਿ ਦੀ ਰੌਸ਼ਨੀ ਵਿੱਚੋਂ ਜ਼ਰੂਰ ਦੇਖਣਾ ਹੈ । ਸਤਿਗੁਰੂ ਕਹਿੰਦੇ ਹਨ ਕਿ ਕੋਈ ਬੱਚੀ ਇਹ ਮੰਗ ਕਰੇ ਕਿ ਹੇ ਮੇਰੇ ਪਿਤਾ, ਮੈਨੂੰ ਇਹ ਦਾਜ ਜ਼ਰੂਰ ਦੇਵਣਾ ਜੋ ਸਤਿਗੁਰਾਂ ਨੇ ਦਾਜ ਲਿਜਾਣ ਲਈ ਕਿਹਾ ਹੈ :

**ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥**
**ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ –**

**ਸਿਰੀਰਾਗੁ (ਮਃ ੪) – ਅੰਗ ੭੯**

ਗੁਰੂ ਅਮਰਦਾਸ ਜੀ ਨੇ ਜਦ ਆਪਣੀ ਬੱਚੀ ਭਾਨੀ ਦੀ ਸ਼ਾਦੀ ਗੁਰੂ ਰਾਮਦਾਸ ਜੀ ਨਾਲ ਕੀਤੀ ਤਾਂ ਪੁੱਛਿਓ ਨੇ ਕਿ ਦੱਸੋ ਅਸੀਂ ਤੁਹਾਨੂੰ ਆਪਣੀ ਬੱਚੀ ਦੇ ਦਾਜ ਵਿੱਚ ਕੀ ਦੇਵੀਏ, ਘੋੜੀ ਦਈਏ ਕਿ ਕੜਿਆਂ ਦੀ ਜੋੜੀ ਦੇਈਏ ਜਾਂ ਕੁਝ ਹੋਰ ? ਤਾਂ ਗੁਰੂ ਰਾਮਦਾਸ ਜੀ ਨੇ ਕਿਹਾ ਸੀ ਕਿ ਜੇ ਦੇਣਾ ਹੀ ਚਾਹੁੰਦੇ ਹੋ ਤਾਂ ਕ੍ਰਿਪਾ ਕਰਕੇ :

**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥**

**ਸੋਦਰੁ ਗੂਜਰੀ (ਮਃ ੪) – ਅੰਗ ੧੦**

ਤੇ ਨਾਲ ਹੀ ਸਪੱਸ਼ਟ ਕਿਹਾ :

**ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥**
**ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ –**

**ਸਿਰੀਰਾਗੁ (ਮਃ ੪) – ਅੰਗ ੭੯**

ਇਹ ਸਿੱਖਿਆ ਵਿਆਹੁਣ ਆਏ ਲੜਕੇ ਲਈ ਤੇ ਉਸ ਦੇ ਮਾਤਾ ਪਿਤਾ ਲਈ ਵੀ ਪ੍ਰੇਰਨਾ-ਸ੍ਰੋਤ ਹੈ ।

ਕੋਈ ਵਿਆਹੀ ਹੋਈ ਬੀਬੀ ਆਪਣੇ ਪੇਕੇ ਘਰ ਆਈ ਤਾਂ ਉਸ ਦੀ ਇੱਕ ਖ਼ਾਸ ਸਹੇਲੀ ਪੁੱਛਦੀ ਹੈ ਕਿ ਦੱਸ ਭੈਣ, ਤੇਰਾ ਪਤੀ ਤੇਰੇ ਵਸ ਵਿੱਚ ਹੈ ? ਤਾਂ ਉਸ ਕਿਹਾ ਕਿ ਹਾਂ, ਬਿਲਕੁਲ ਵੱਸ ਵਿੱਚ ਹੈ । ਸਹੇਲੀ ਪੁੱਛਦੀ ਹੈ ਕਿ ਤੂੰ ਉਸ ਨੂੰ ਕਿਸ ਤਰ੍ਹਾਂ ਵੱਸ ਵਿੱਚ ਕੀਤਾ ਹੈ ? ਉਸ ਦਾ ਸਵਾਲ ਤੇ ਦੂਜੀ ਭੈਣ ਦਾ ਜਵਾਬ ਬਾਬਾ ਫਰੀਦ ਜੀ ਨੇ ਇੰਜ ਗੁਰਬਾਣੀ ਵਿੱਚ ਫ਼ੁਰਮਾਇਆ ਹੈ :

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥**
**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥**

**ਸਲੋਕ (ਭ. ਫਰੀਦ) – ਅੰਗ ੧੩੮੪**

ਪਹਿਲਾ ਗੁਣ ਹੈ ਕਿ ਸਹੁਰੇ ਘਰ ਵਿੱਚ ਪਤੀ ਅੱਗੇ ਨਿਵ ਕੇ ਰਹਿਣਾ, ਅਹੰਕਾਰ ਨਹੀਂ ਜਤਾਉਣਾ, ਨਿਮਰਤਾ ਦਾ ਗੁਣ ਧਾਰਨ ਕਰਨਾ । ਦੂਸਰਾ ਹੈ ਖਿਮਾ ਧਾਰਨ ਕਰਨੀ, ਕਿਸੇ ਵੀ ਵਿਵਾਦ ਨੂੰ ਖ਼ਤਮ ਕਰਨ ਲਈ ਖਿਮਾ ਜਾਚਣਾ ਕਰਨ ਨਾਲ ਝਗੜਾ ਪੈਦਾ ਹੀ ਨਹੀਂ ਹੁੰਦਾ । ਆਪਸੀ ਪਿਆਰ ਨੂੰ ਹੋਰ ਵਧਾਂਦਾ ਹੈ, ਖਿਮਾ ਦਾ ਗੁਣ :

**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥**

**ਆਸਾ (ਮਃ ੧) - ਅੰਗ ੩੫੯**

ਤੀਸਰਾ ਗੁਣ ਜ਼ਬਾਨ ਦੀ ਮਿਠਾਸ ਹੈ- ਮਿੱਠਾ ਬੋਲਣਾ, ਜੀ ਕਰਕੇ ਬੋਲਣਾ, ਸਤਿਕਾਰ ਭਰੇ ਬੋਲ ਬੋਲਣਾ । ਜਿੱਥੇ ਕੋਈ ਬੀਬੀ ਇਹ ਤਿੰਨੇ ਗੁਣ ਧਾਰਨ ਕਰਕੇ ਵਰਤਾਉ ਕਰੇਗੀ, ਕਿਉਂ ਨਾ ਪਤੀ ਵੱਸ ਵਿੱਚ ਹੋਵੇਗਾ ? ਇਹ ਸਿੱਖਿਆ ਜ਼ਿੰਦਗੀ ਵਿੱਚ ਹਮੇਸ਼ਾ ਹੀ ਪਰਿਵਾਰਕ ਮਿਲਾਪ ਅਤੇ ਖ਼ੁਸ਼ੀਆਂ ਪੈਦਾ ਕਰੇਗੀ ।

ਬੀਬੀ ਵੀਰੋ ਜੀ ਨੂੰ ਸਹੁਰੇ ਤੁਰਦੇ ਸਮੇਂ ਮਾਤਾ ਜੀ ਨੇ ਚਾਰ ਗੱਲਾਂ ਸਮਝਾਈਆਂ ਸਨ:

**ਕੁਲ ਕੀ ਬਾਤ ਚਿੱਤ ਮਹਿ ਧਰਨੀ । ਖੋਟੀ ਸੰਗਤਿ ਨਹੀਂ ਸੁ ਕਰਨੀ ।**
**ਪ੍ਰਾਤੈ ਉੱਠ ਕਰ ਮਜਨ ਕਰੀਯੋ । ਗੁਰਬਾਣੀ ਸੋ ਮੁੱਖ ਤੇ ਰਹੀਯੋ ।**

**(ਗੁਰਬਿਲਾਸ ਪਾ: ੬)**

ਪਹਿਲੀ ਗੱਲ- ਤੂੰ ਆਪਣੀ ਕੁਲ ਨੂੰ ਕਦੇ ਨਾ ਭੁੱਲੀਂ । ਤੂੰ ਗੁਰੂ ਨਾਨਕ ਸਾਹਿਬ ਦੇ ਕੁਲ ਦੀ ਬੱਚੀ ਹੈ। ਕੋਈ ਵੀ ਐਸਾ ਕਦਮ ਨਹੀਂ ਉਠਾਉਣਾ ਜਿਸ ਨਾਲ ਤੇਰੀ ਕੁਲ ਨੂੰ ਲਾਜ ਲੱਗੇ ।

ਦੂਜੀ ਗੱਲ- ਕਦੇ ਵੀ ਖੋਟਿਆਂ, ਭੈੜਿਆਂ ਦੀ ਸੰਗਤ ਨਹੀਂ ਕਰਨੀ, ਜਿਨ੍ਹਾਂ ਪਾਸੋਂ ਕੁਮੱਤ ਆਵੇ, ਗ਼ਲਤ ਪ੍ਰੇਰਣਾ ਮਿਲੇ । ਕੁਰਾਹੇ ਪਾਉਣ ਜਾਂ ਕੋਈ ਪਰਿਵਾਰਕ ਵਾਤਾਵਰਣ ਵਿਗਾੜਨ ਦੀ ਗੱਲ ਕਰਨ, ਉਨ੍ਹਾਂ ਖੋਟਿਆਂ ਦੀ ਸੰਗਤ ਕਦੇ ਵੀ ਨਹੀਂ ਕਰਨੀ । ਭਲਿਆਂ ਦੀ ਸੰਗਤ ਹੀ ਕਰਨੀ ਹੈ ।

ਤੀਸਰੀ ਗੱਲ- ਸੁਬਹ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਗੁਰਬਾਣੀ ਦਾ ਜ਼ਿਕਰ ਹੈ :

**ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ - ਅੰਗ ੧੧੯੫**

ਚੌਥੀ ਗੱਲ- ਆਪਣੇ ਮੁੱਖ ਵਿੱਚੋਂ ਗੁਰਬਾਣੀ ਦਾ ਉਚਾਰਨ ਕਰਨਾ, ਨਿਤਨੇਮ ਕਰਨਾ । ਜਿੱਥੇ ਇਹ ਚਾਰ ਗੱਲਾਂ ਹੋਣਗੀਆਂ, ਉੱਥੇ ਗੁਰੂ ਨਾਨਕ ਜੀ ਦੇ ਘਰ ਦੀਆਂ ਸਾਰੀਆਂ ਬਰਕਤਾਂ ਹੋਣਗੀਆਂ । ਨਾਲ ਹੀ ਕਿਹਾ ਸੀ :

**ਪਤੀ ਕੀ ਸੇਵਾ ਕਰਨੀ ਸਫਲੀ । ਪਤਿ ਬਿਨ ਔਰ ਕਰੈ ਸਭ ਨਿਫਲੀ ।**
**ਗੁਰ ਜਨ ਕੀ ਇਜ਼ਤ ਬਹੁ ਕਰਨੀ । ਸਾਸ ਸੇਵ ਰਿਦ ਮਾਹਿ ਸੁ ਧਰਨੀ**
**(ਗੁਰਬਿਲਾਸ ਪਾ: ੬)**

ਕਦੀ ਵੀ ਇਹ ਦਿਮਾਗ਼ ਵਿੱਚ ਨਹੀਂ ਰੱਖਣਾ ਚਾਹੀਦਾ ਕਿ ਪਤੀ ਮੇਰੇ ਅਧੀਨ ਰਹੇ, ਮੇਰੇ ਪੁੱਛੇ ਬਿਨਾਂ ਕੁਝ ਨਾ ਕਰੇ । ਇਸ ਸੋਚਣੀ ਦੀ ਬਜਾਏ ਸਗੋਂ ਆਪਸ ਵਿੱਚ ਇੱਕ ਸਲਾਹ ਕਰੋ, ਇਹ ਵਿਚਾਰਧਾਰਾ ਬਣਾਓ ਤਾਂ ਕਿ ਦੋਹਾਂ ਦਾ ਬਰਾਬਰ ਇੱਕ-ਮਿੱਕ ਹੋਣ ਦਾ ਕਦਮ ਉੱਠੇ ।

ਇੱਕ ਚਾਰ ਕੁ ਸਾਲ ਦਾ ਬੱਚਾ ਘਰੋਂ ਬਾਹਰ ਨਿਕਲਣ ਲੱਗਾ ਤਾਂ ਮਾਂ ਨੇ ਝਿੜਕਿਆ- ਚੱਲ ਪੁੱਤਰ ਅੰਦਰ ਚੱਲ । ਫਿਰ ਬੱਚਾ ਬਾਹਰ ਜਾਣ ਲੱਗਾ ਤਾਂ ਫਿਰ ਮਾਂ ਨੇ ਝਿੜਕਿਆ ਤੇ ਕਿਹਾ- ਤੂੰ ਅਜੇ ਛੋਟਾ ਏਂ, ਮੇਰੇ ਪੁੱਛੇ ਬਿਨਾਂ ਬਾਹਰ ਨਹੀਂ ਜਾਣਾ । ਹੁਣ ਤਾਂ ਬੱਚਾ ਰੋਜ਼ਾਨਾ ਹੀ ਪੁੱਛਦਾ ਏ- ਮੈਂ ਵੱਡਾ ਹੋ ਗਿਆ ਹਾਂ ਕਿ ਨਹੀਂ ? ਮਾਂ ਕਹਿੰਦੀ- ਅਜੇ ਤੂੰ ਛੋਟਾ ਏਂ, ਮੈਨੂੰ ਪੁੱਛੇ ਬਿਨਾਂ ਬਾਹਰ ਨਹੀਂ ਜਾ ਸਕਦਾ । ਇੱਕ ਦਿਨ ਬੱਚਾ ਆਪਣੇ ਪਿਤਾ ਨੂੰ ਪੁੱਛਦਾ ਏ ਕਿ ਡੈਡੀ, ਮੈਂ ਕਦੋਂ ਵੱਡਾ ਹੋਵਾਂਗਾ, ਜਦੋਂ ਮੰਮੀ ਨੂੰ ਬਿਨਾਂ ਪੁੱਛੇ ਬਾਹਰ ਜਾ ਸਕਾਂਗਾ ? ਤਾਂ ਪਿਤਾ ਨੇ ਕਿਹਾ- ਇਤਨਾ ਵੱਡਾ ਤਾਂ ਅਜੇ ਮੈਂ ਵੀ ਨਹੀਂ ਹੋਇਆ ਜੋ ਤੇਰੀ ਮੰਮੀ ਨੂੰ ਬਿਨਾਂ ਪੁੱਛੇ ਬਾਹਰ ਜਾ ਸਕਾਂ । ਇਹ ਵਿਅੰਗਆਤਮਕ ਗਾਥਾ ਇਸ ਗੱਲ ਦੀ ਪ੍ਰੇਰਨਾ ਹੈ ਕਿ ਇੱਕ ਦੂਜੇ ਤੇ ਦਬਾਅ ਪਾ ਕੇ ਹੀ ਪਤੀ ਪਤਨੀ ਨੇ ਨਹੀਂ ਜੀਉਣਾ, ਸਗੋਂ "**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ**" ਦਾ ਧਾਰਨੀ ਬਣਨਾ ਹੈ । ਜਿੱਥੇ ਸੰਸਾਰਕ ਸੰਬੰਧ ਵਿੱਚ ਪਤੀ ਪਤਨੀ ਦੇ ਰਿਸ਼ਤੇ ਜੁੜਦੇ ਹਨ, ਉੱਥੇ ਜੀਵ-ਆਤਮਾ ਤੇ ਪਰਮਾਤਮਾ ਦਾ ਸੰਬੰਧ ਹੋ ਜਾਣਾ ਜਾਂ ਆਤਮਾ ਪਰਮਾਤਮਾ ਦੀ ਇਕਮਿਕਤਾ ਦਾ ਅਨੁਭਵ ਬਣ ਜਾਣਾ ਵੀ ਇੱਕ ਸ਼ਾਦੀ ਹੈ, ਵਿਆਹ ਹੈ:

**ਕਹਿ ਕਬੀਰ ਮੋਹਿ ਬਿਆਹਿ ਚਲੇ ਹੈ**
**ਪੁਰਖ ਏਕ ਭਗਵਾਨਾ ॥੩॥੨॥੨੪॥ਆਸਾ (ਭ ਕਬੀਰ) - ਅੰਗ ੪੮੨**

ਜਿਨ੍ਹਾਂ ਨੇ ਸਰੀਰ ਰੂਪੀ ਘੋੜੀ ਤੇ ਚੜ੍ਹ ਕੇ ਪਰਮਾਤਮਾ ਤੱਕ ਦਾ ਸਫ਼ਰ ਕਰ ਲਿਆ, ਸਤਿਸੰਗ ਕੀਤੀ, ਸੇਵਾ ਕੀਤੀ, ਸ਼ੁਭ ਗੁਣਾਂ ਦੀ ਜੰਵ ਚੜ੍ਹ ਕੇ ਆ ਜੁੜੇ ਪ੍ਰਭੂ ਦੇ ਧਿਆਨ ਵਿੱਚ, ਸਮਝ ਲਓ ਉਨ੍ਹਾਂ ਨੇ ਪ੍ਰਭੂ ਚਰਨਾਂ ਵਿੱਚ ਪੁੱਜਣਾ ਕਰ ਲਿਆ, "ਦੇਹ ਘੋੜੀ ਚੜ੍ਹਿ ਹਰਿ ਪਾਇਆ" । ਭਲਿਆ, ਤੂੰ ਦੇਹ ਦੀ ਘੋੜੀ ਤੇ ਚੜ੍ਹ ਕੇ ਉਸ ਸਫ਼ਰ ਵਿੱਚ ਨਾ ਕਦਮ ਰੱਖੀਂ, ਜਿੱਥੇ ਹੋਰ ਪ੍ਰਭੂ ਦੀ ਦੂਰੀ ਬਣ ਜਾਏ, ਸਗੋਂ ਉਹੀ ਸਫ਼ਰ ਕਰ ਜਿਸ ਨਾਲ ਪ੍ਰਭੂ-ਪਤੀ ਦਾ ਮੇਲ ਹੋ ਜਾਏ ।

ਇਤਿਹਾਸਕ ਵਾਰਤਾ ਹੈ ਕਿ ਇੱਕ ਵਾਰੀ ਆਗਰੇ ਦੀ ਸੰਗਤ ਨੇ ਸ੍ਰੀ ਅੰਮ੍ਰਿਤਸਰ ਪੁੱਜ ਕੇ ਮੰਜੀ ਸਾਹਿਬ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ! ਸਾਡੇ ਨਗਰ ਵਿੱਚ ਇੱਕ ਸਾਧੂਆਂ ਦੀ ਟੋਲੀ ਆਈ, ਅਸਾਂ ਉਨ੍ਹਾਂ ਦੀ ਬੜੀ ਸੇਵਾ ਕੀਤੀ । ਪਰ ਜਦ ਉਨ੍ਹਾਂ ਵਖਿਆਨ ਸੁਣਾਉਣਾ ਸ਼ੁਰੂ ਕੀਤਾ ਤਾਂ ਸਾਨੂੰ ਕਹਿਣ ਲੱਗੇ ਕਿ ਤੁਸੀਂ ਗ੍ਰਿਹਸਥੀ ਹੋ, ਤੁਹਾਡਾ ਪਾਰ ਨਿਸਤਾਰਾ ਨਹੀਂ ਹੋਣਾ, ਤੁਸੀਂ ਸੰਨਿਆਸ ਧਾਰਨ ਕਰੋ । ਘਰ ਪਰਿਵਾਰ ਛੱਡੋ ਤਾਂ ਤੁਸੀਂ ਮੁਕਤ ਹੋਵੋਗੇ । ਮਹਾਰਾਜ ! ਸਾਨੂੰ ਸੰਸੇ ਵਿੱਚ ਪਾ ਦਿੱਤਾ ਹੈ, ਆਪ ਹੀ ਕ੍ਰਿਪਾ ਕਰਕੇ ਦੱਸੋ ਕਿ ਅਸੀਂ ਕਿਵੇਂ ਭਵਸਾਗਰ ਤੋਂ ਪਾਰ ਹੋ ਸਕਦੇ ਹਾਂ ?

ਸਤਿਗੁਰਾਂ ਨੇ ਕਿਹਾ ਕਿ ਸਾਧੂਆਂ ਦੀ ਟੋਲੀ ਦਾ ਮੁਖੀ ਤਾਂ ਕਹਿੰਦਾ ਸੀ ਕਿ ਪਰਿਵਾਰ ਛੱਡੋ, ਪਰ ਅਸੀਂ ਤਾਂ ਕਹਿੰਦੇ ਹਾਂ ਕਿ ਤੁਸੀਂ ਚਾਰ ਸ਼ਾਦੀਆਂ ਹੋਰ ਕਰ ਲਵੋ । ਮਹਾਰਾਜ ! ਇੱਕ ਪਤਨੀ ਤਾਂ ਮੁਸ਼ਕਲ ਨਾਲ ਸੰਭਾਲ, ਪਰਿਵਾਰ ਚਲਾ ਰਹੇ ਹਾਂ । ਚਾਰ ਹੋਰ ਦੀ ਕੀ ਗੱਲ ਕਰਦੇ ਹੋ ? ਸਤਿਗੁਰਾਂ ਕਿਹਾ ਸੀ ਕਿ ਉਹ ਚਾਰ ਬਿਰਤੀਆਂ ਹਨ, ਜਿਨ੍ਹਾਂ ਨਾਲ ਤੁਸਾਂ ਸੰਬੰਧ ਬਣਾਉਣਾ ਹੀ ਸ਼ਾਦੀ ਕਰਨਾ ਹੈ- ਕਰੁਣਾ, ਮੁਦਤਾ, ਮੈਤਰੇਯ, ਅਪੇਖਸ਼ਾ । ਇੱਕ ਤਾਂ ਕਰੁਣਾ ਭਾਵ ਦਯਾ ਦੀ ਬਿਰਤੀ ਰੱਖਣੀ ਹੈ । ਦੂਸਰੀ ਮੁਦਤਾ ਭਾਵ ਮੁਸਕਾਨ ਵਿੱਚ ਰਹਿਣਾ, ਵਿਗਾਸ ਵਿੱਚ ਰਹਿਣਾ, ਕਦੀ ਵੀ ਆਪਣਾ ਵਿਗਾਸ, ਖੇੜਾ-ਖ਼ੁਸ਼ੀ ਗਵਾਚਣ ਨਹੀਂ ਦੇਣੀ, ਹੁਕਮ-ਰਜ਼ਾ ਵਿੱਚ ਰਹਿਣ ਦੀ ਆਦਤ ਵਾਲੇ ਹਰ ਸਮੇਂ ਮੁਦਤਾ ਵਿੱਚ ਰਹਿੰਦੇ ਹਨ । ਤੀਸਰੀ ਬਿਰਤੀ ਮੈਤਰੇਯ ਭਾਵ ਕਿ ਸਭ ਨਾਲ ਮਿੱਤਰਤਾ ਦਾ ਸੁਭਾਅ ਰੱਖਣਾ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਧਨਾਸਰੀ (ਮ: ੫) - ਅੰਗ ੬੭੧**

ਇਸ ਮਿੱਤਰਤਾ ਸੁਭਾਅ ਨਾਲ ਪਰਾਈ ਤਾਤ ਪੈਦਾ ਨਹੀਂ ਹੁੰਦੀ :

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**
**ਕਾਨੜਾ (ਮ: ੫) - ਅੰਗ ੧੨੯੯**

ਚੌਥੀ ਬਿਰਤੀ ਹੈ ਅਪੇਖਸ਼ਾ ਭਾਵ ਕਿ ਅਵਗੁਣ-ਵਿਕਾਰਾਂ ਵੱਲੋਂ ਦੂਰ ਹੀ ਰਹਿਣਾ । ਬੁਰੀ ਸੰਗਤ ਵੱਲੋਂ ਵੀ ਦੂਰ ਹੀ ਰਹਿਣਾ, ਇਹ ਅਪੇਖਸ਼ਾ ਦੀ ਬਿਰਤੀ ਹੈ ।

ਇੱਕ ਥਾਵੇਂ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਦਰਜ ਹੈ :

**ਕਰੁਣਾ ਮੁਦਿਤਾ ਦੈ_ ਲਖੈ, ਤ੍ਰਿਤੀਆ ਮੈਤਰੇਯ ਜਾਨ ॥**
**ਚਤੁਰ ਅਪੇਖਿਆ ਜਿਸ ਬਿਖੈ, ਸਨਮੁਖ ਨੌ ਪਹਿਚਾਣ ॥**

ਇੰਜ ਸੱਚਮੁੱਚ ਹੀ ਚਾਰ ਬਿਰਤੀਆਂ ਦੀ ਸਾਂਝ ਨਾਲ ਇੱਕ ਦਿਨ ਪਰਮਾਤਮਾ ਦੀ ਸਾਂਝ ਬਣ ਜਾਂਦੀ ਹੈ ।

ਐਸੀ ਸੁਹਾਗਣ ਕੋਈ ਬਣ ਜਾਏ, ਉਹ ਧੰਨ ਹੈ :

**ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ – ਸੂਹੀ (ਮਃ ੫) – ਅੰਗ ੭੩੭**

ਪ੍ਰਭੂ ਕ੍ਰਿਪਾ ਕਰੇ, ਬਾਹਰ ਦੀ ਦੁਨੀਆਂ ਦੀ ਸੁਹਾਗਣ ਵਡਭਾਗਣ ਹੋਵੇ, ਸੁਖੀ ਜੀਵਨ ਜੀਵੇ । ਧਰਮ ਦੀ ਦੁਨੀਆਂ ਦੀ ਸੁਹਾਗਣ ਵੀ ਪ੍ਰਭੂ–ਮਿਲਾਪ ਰਾਹੀਂ ਅਨੰਦ ਦਾ ਜੀਵਨ ਜੀਵੇ । ਜ਼ਿੰਦਗੀ ਭਰ ਹਰ ਕਾਰਜ ਅਨੰਦ ਪ੍ਰਗਟ ਕਰੇ ਤਾਂ ਸਮਝੀਏ, ਅਨੰਦ–ਕਾਰਜ ਸਫਲਾ ਹੋਇਆ ਹੈ, ਜੀ ।

**ਧੰਨਵਾਦ ਸਾਹਿਤ ਵਿਚੋਂ :– ਗੁਰ–ਜੁਗਤਿ ਪ੍ਰਕਾਸ਼**

## ਸੋ ਦਰ

**ਸਤਿਬੀਰ ਸਿੰਘ**

'ਸੰਝੈ ਸੋਦਰੁ ਗਾਵਣਾ' ਦੀ ਆਗਿਆ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਅਤੇ ਜ਼ਿਕਰ ਭਾਈ ਗੁਰਦਾਸ ਜੀ ਨੇ ਵਾਰ ਛੇਵੀਂ ਦੀ ਤੀਜੀ ਪਉੜੀ ਵਿੱਚ ਕੀਤਾ ਹੈ ।

ਸ਼ਾਮ ਉਦਾਸ ਵੀ ਹੁੰਦੀ ਹੈ ਪਰ ਨਾਲ ਬੰਦਾ ਰਤਾ ਕੁ ਨਿਸ਼ਚਿੰਤ ਵੀ ਹੁੰਦਾ ਹੈ । ਨਾ ਕਿਸੇ ਦੇ ਮੰਗਾਲੀ ਪਾਉਣ ਦਾ ਡਰ ਤੇ ਨਾ ਕਿਸੇ ਨੂੰ ਕੁਝ ਦੇਣ ਦੀ ਚਿੰਤਾ । ਘਰ ਆ ਕੇ, ਨਿਸਲ ਹੋ ਕੇ, ਟੰਗ ਤੇ ਟੰਗ ਧਰ, ਆਪਣੇ ਨਿੱਜੀ ਕੱਪੜਿਆਂ ਵਿੱਚ ਆਮ ਮਨੁੱਖ ਵੀ ਤਾਜ਼ਗੀ ਮਹਿਸੂਸ ਕਰਦਾ ਹੈ । ਮਨ ਸੁਣਨ ਦਾ ਚਾਹਵਾਨ ਹੁੰਦਾ ਹੈ ਅਤੇ ਕੁਝ ਗ੍ਰਹਿਣ ਕਰਨ ਲਈ ਉਤਾਵਲਾ ਵੀ ਹੁੰਦਾ ਹੈ ।

ਦਿਹਾੜੇ ਕਿਰਤ ਦਾ ਧਕਿਆ ਦੁਆਰੇ–ਦੁਆਰੇ ਵੀ ਜਾਣਾ ਪੈਂਦਾ ਹੈ, ਹੁਣ ਗੁਰੂ ਜੀ ਉਸ ਨੂੰ ਸੋ ਦਰ ਜਾਣ ਲਈ ਪ੍ਰੇਰਦੇ ਹਨ । ਸੋ ਦਰ ਦੀ ਬਾਣੀ ਦੇ ਪੰਜ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬਣਾਉਣ ਸਮੇਂ ਇੱਕ ਥਾਂ ਕੀਤੇ ਸਨ । ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੇ ਸੋ ਪੁਰਖ ਦੇ ਚਾਰ ਸ਼ਬਦ ਅੰਕਿਤ ਕੀਤੇ । ਮਿਥੀ ਤਰਤੀਬ ਦੇ ਉਲਟ ਸੋ ਪੁਰਖ ਵਿੱਚ ਪਹਿਲਾਂ ਗੁਰੂ ਰਾਮਦਾਸ ਜੀ ਦੇ ਦੋ ਸ਼ਬਦ ਰੱਖ, ਫਿਰ ਗੁਰੂ ਨਾਨਕ ਦੇਵ ਜੀ ਦਾ ਇੱਕ ਕਿਉਂਕਿ ਪਹਿਲਾਂ ਸੋ ਪੁਰਖ ਦਾ ਦੀਦਾਰ ਜ਼ਰੂਰੀ ਸੀ ਅਤੇ ਪਿੱਛੋਂ ਗੁਰੂ ਅਰਜਨ ਦੇਵ ਜੀ ਦਾ ਇੱਕ **ਭਈ ਪਰਾਪਤਿ ਮਾਨੁਖ ਦੇਹੁਰੀਆ**' ਲਿਖ 'ਸੋ ਪੁਰਖ' ਦੀ ਬਾਣੀ ਮੁਕੰਮਲ ਕੀਤੀ ।

ਇਹ ਵੀ ਯਾਦ ਰਵ੍ਹੇ, ਕਿ ਰਹਿਰਾਸ ਦੀ ਤਰਤੀਬ ਆਪੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੰਨ੍ਹੀ । ਇਹ ਤਰਤੀਬ ਹੀ ਦੱਸਦੀ ਹੈ ਕਿ ਜੀਵਨ ਭਰ ਦਾ ਮਕਸਦ ਕੀ ਹੈ ? ਪਹਿਲਾਂ

ਸੋ ਦਰ ਜਾਂ ਸਿਮਰਨ ਨਾਲ ਦਰਵਾਜ਼ਾ ਖਟ-ਖਟਾਇਆ ਅਤੇ ਘਰ ਪ੍ਰਵੇਸ਼ ਕੀਤਿਆਂ ਅੰਦਰ ਹੀ, ਸੋ ਪੁਰਖ ਦਾ ਦੀਦਾਰ ਹੋਇਆ । ਸੋ ਪੁਰਖ ਦੇਖਦੇ ਸਾਰ ਵਿਸਮਾਦ ਤਾਰੀ ਹੋਇਆ । ਉਸ ਅੱਗੇ 'ਬੇਨਤੀ' ਕੀਤੀ ਜੋ ਚੌਪਈ ਛੰਦ ਵਿੱਚ ਲਿਖੀ ਹੈ । ਸੋ ਪੁਰਖ ਨੂੰ ਇਹ ਯਕੀਨ ਕਰਵਾਇਆ ਕਿ ਕਿਸੇ ਹੋਰ ਦਰ ਮੈਂ ਗਿਆ ਨਹੀਂ ਤੇ ਤੇਰਾ ਦਰ ਛੱਡਣਾ ਨਹੀਂ ਭਾਵੇਂ ਕੁਝ ਹੋ ਜਾਏ । ਤੁਹਾਡੇ ਪੈਰ ਪਕੜੇ ਹਨ, ਹੁਣ ਬੇਪ੍ਰਵਾਹ ਵਿਚਰ ਰਿਹਾ ਹਾਂ । ਕਿਸੇ ਨੂੰ ਅੱਖ ਥੱਲੇ ਨਹੀਂ ਲਿਆਂਦਾ । ਸੋ ਪੁਰਖ ਦੀ ਪ੍ਰਾਪਤੀ ਹੀ ਅਨੰਦ ਹੈ ਅਤੇ ਇਸ ਅਨੰਦ ਦਾ ਸਦਕਾ ਹੀ ਸਦਾ ਅਨੰਦ (ਮੁੰਦਾਵਣੀ) ਹੈ । ਇਸ ਸਦ-ਖ਼ੁਸ਼ੀ ਪ੍ਰਾਪਤ ਦਾ ਨੁਸਖ਼ਾ ਹੈ ਕਿ ਸੱਚ ਭਰਿਆ ਜੀਵਨ, ਤਸੱਲੀ ਭਰੀ ਜ਼ਿੰਦਗੀ ਅਤੇ ਖ਼ਿਆਲਾਂ ਵਿੱਚ ਨਹੀਂ ਵਿਚਾਰ ਵਿੱਚ ਰਹਿਣਾ । ਪਰ ਧਿਆਨ ਰਵ੍ਹੇ ਕਿ ਸਤੁ, ਸੰਤੋਖੁ ਤੇ ਵਿਚਾਰ ਦੀ ਬੁਨਿਆਦ ਹੈ : ਨਾਮ । 'ਅੰਮ੍ਰਿਤ ਨਾਮੁ ਠਾਕੁਰ ਕਾ ਪਇਓ, ਜਿਸ ਕਾ ਸਭਸੁ ਅਧਾਰੋ ।' ਸ਼ਰਤ ਇੱਕ ਹੀ ਹੈ ਕਿ ਨਾਮ 'ਪਚਾਉਣ' 'ਭੁੰਚੈ' ਦੀ ਸ਼ਕਤੀ ਵੀ ਹੋਵੇ । ਪਚ ਜਾਂਦਾ ਹੈ ਨਾਮ ਜੇ ਨਿੰਮ੍ਰਤਾ ਹੈ । ਅਹੰਕਾਰ ਦਾ ਦਾਅ ਨਹੀਂ ਪੈਂਦਾ ਜੇ ਇਹ ਕਹਿੰਦੇ ਰਹੀਏ :

**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ**

ਗੁਰੂ ਪਾਤਸ਼ਾਹਾਂ ਦੀ ਬਾਣੀ ਨੂੰ ਮੱਥ ਕੇ ਹੀ ਗੁਟਕਾ ਬਣਾਇਆ ਗਿਆ ਹੈ । ਗੁਟਕੇ ਦੇ ਅਰਥ ਹੀ ਹੀਰੇ ਜਵਾਹਰਾਤ ਰੱਖਣ ਦੀ ਸੰਦੂਕੜੀ ਹੈ । ਚੋਣਵੇਂ ਖਾਣੇ ਨੂੰ ਵੀ 'ਗੁਟਕਾ' ਕਹਿੰਦੇ ਹਨ । ਖੜਕਦੇ ਹਿਲਦੇ ਬਾਰ ਨੂੰ ਟਿਕਵਾਂ ਬਣਾਉਣ ਹਿਤ 'ਗੁਟਕਾ' ਹੀ ਧਰਿਆ ਜਾਂਦਾ ਹੈ ।

ਸੋ ਦਰ ਦਾ ਭਾਵ ਹੈ ਕਿ ਮੈਂ ਹੋਰ ਕਿਸੇ ਦਰ ਨਹੀਂ ਜਾਵਾਂਗਾ, ਜਾ ਕੇ ਦੇਖ ਲਿਆ ਹੈ, ਧੱਕੇ ਧੋੜੇ ਹਨ । '**ਤੁਧ ਨੂੰ ਛੋਡਿ ਜਾਈਐ ਪ੍ਰਭ ਕੈ ਧਰ**' ਦੀ ਹੀ ਵਿਆਖਿਆ ਹੈ । ਇਸ ਕਾਰਨ ਵੀ ਸੋ ਦਰ ਜਾਣਾ ਲਾਜ਼ਮੀ ਹੈ ਕਿ ਉਥੋਂ ਸਭ ਕੁਝ ਮਿਲ ਜਾਂਦਾ ਹੈ ।

'**ਸਭਿ ਸਤ, ਸਭਿ ਤਪ, ਸਭਿ ਚੰਗਿਆਈਆ**', ਉਥੋਂ ਹੀ ਮਿਲਦੀਆਂ ਹਨ । ਸਭ ਭੁੱਖਾਂ ਮਿਟਦੀਆਂ ਹਨ ਅਤੇ ਸ਼ਰਧਾ ਪੱਕੀ ਹੁੰਦੀ ਹੈ ਅਤੇ ਐਸਾ ਪਿਆਰ ਮਿਲਦਾ ਹੈ ਜਿਸ ਨਾਲ ਪ੍ਰਭੂ ਦੇ ਦੀਦਾਰ ਹੁੰਦੇ ਹਨ । 'ਦਰ ਦਰਸ਼ਨ ਕਾ ਪ੍ਰੀਤਮ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ ।' ਸਭ ਤੋਂ ਵੱਡੀ ਗੱਲ, ਨਿੱਤ ਨਿੱਤ ਤੇ ਰੋਜ਼-ਰੋਜ਼ ਦੀ ਚਿੰਤਾ ਮੁੱਕ ਜਾਂਦੀ ਹੈ । ਇਹ ਸੋਝੀ ਮਿਲ ਜਾਂਦੀ ਹੈ ਕਿ ਬੇਸ਼ਕ ਚਲਓ ਨਾਵ ਰੂਪੀ ਸਰੀਰ ਨੂੰ ਸੰਸਾਰ ਸਮੁੰਦਰ ਵਿੱਚ ਪਰ ਇਹ ਸੰਭਾਲ ਰੱਖਣੀ ਕਿ ਬੇੜੀ ਵਿੱਚ ਪਾਣੀ ਨਾ ਪਵੇ ।

ਫਿਰ ਜਿਨ੍ਹਾਂ ਕਦੇ ਜਪੁਜੀ ਵਿੱਚ ਆਈ ਸੋ ਦਰ ਦੀ ਪਉੜੀ ਅਤੇ ਰਹਿਰਾਸ ਦੀ ਸੋ ਦਰ ਦੀ ਪਉੜੀ ਧਿਆਨ ਨਾਲ ਪੜ੍ਹੀ ਹੈ ਉਹ ਜਾਣਦੇ ਹਨ ਕਿ ਇੱਥੇ ਰਹਿਰਾਸ ਵਿੱਚ 'ਤੁਧਨੋ' ਦੀ ਧੁਨੀ ਹੈ । ਤਕਰੀਬਨ 37 ਵਾਰੀ ਧੁਪਨੇ ਅਤੇ ਤੇਰੇ ਆਇਆ ਹੈ । ਸਾਰੀ

ਦਿਹਾੜੀ ਤਾਂ ਮੈਂ, ਮੇਰੀ, ਆਪਣਾ, ਸਾਡਾ ਹੀ ਕਰਦਾ ਰਿਹਾ। ਹੁਣ ਤੂੰ-ਤੂੰ ਕਹਿਣ ਨਾਲ ਮੈਂ ਦੀ ਮੈਲ ਧੋਤੀ ਜਾਵੇਗੀ। ਇਹ ਤੁਧ ਨੋ, ਵਾਰ-ਵਾਰ ਕਹਿਣਾ ਹੀ ਸਾਬੂਣ ਹੈ ਜੋ ਮਤਿ ਤੇ ਲੱਗੀ ਮੈਲ ਨੂੰ ਧੋਵਣ ਲਈ ਲਗਾਉਣਾ ਹੈ। ਹੋਵੇਗਾ ਇਹ ਕਿ :

ਤੂੰ ਤੂੰ ਕਰਤਾ ਤੂੰ ਹੂਆ ਮੁਝ ਮਹਿ ਰਹਾ ਨ ਹੂੰ।
ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂੰ।੨੦੫।
(ਸਲੋਕ ਕਬੀਰ ਜੀ)

ਰਹਿਰਾਸ ਦੀ ਸੋ ਦਰੁ ਦੇ ਸ਼ਬਦ ਵਿੱਚ ਇੱਕ ਹੋਰ ਅੰਤਰ ਵੀ ਹੈ। ਜਪੁਜੀ ਦੀ ਸੋਦਰ ਦੀ ਪਉੜੀ ਨਾਲ 'ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ' ਦੀ ਥਾਂ ਸੋਦਰ ਵਿੱਚ : 'ਸੋ ਪਾਤਿਸਾਹੁ, ਸਾਹਾ ਪਤਿ ਸਾਹਿਬ' ਹੈ। ਪਾਤਿਸਾਹਿਬੁ ਦੀ ਥਾਂ ਇਸੇ 'ਪਤਿਸਾਹਿਬ' ਪਾਉਣ ਦਾ ਕਾਰਨ ਇਹ ਹੀ ਲੱਗਦਾ ਹੈ ਕਿ ਪਾਤਿਸਾਹਿਬ ਨੇ ਹੀ ਪਤਿ ਰੱਖਣੀ ਹੈ ਕਿਸੇ ਹੋਰ ਨੇ 'ਪਤਿ' ਨਹੀਂ ਬਚਾਉਣੀ। ਦਿਹਾੜੀ ਕਿਤਨੀ ਵਾਰੀ ਪਤਿ ਚੱਲੀ ਸੀ ਉਸਨੇ ਨੇ ਹੱਥ ਦੇ ਰੱਖੀ। 'ਜਿਸ ਪਤਿ ਰਖੇ ਸਚਾ ਸਾਹਿਬ ਮੇਟਿ ਨ ਸਕੈ ਕੋਈ।'

ਫਿਰ ਸੋ ਦਰ ਦੀ ਪਉੜੀ ਗਾਂਦੇ ਆਤਮਕ ਜਿਊੜਾ ਦੇਖੇਗਾ ਕਿ ਉਹ ਕੋਈ ਇਕੱਲਾ ਉਸਨੂੰ ਯਾਦ ਨਹੀਂ ਕਰ ਰਿਹਾ। ਸਿੱਧ, ਸੁਰਨਾਥ, ਪੀਰ ਪੈਗ਼ੰਬਰ ਰਾਜੇ, ਦੇਵਤੇ, ਖੰਡ, ਬ੍ਰਹਿਮੰਡ, ਖਾਣੀਆਂ ਉਸ ਦੀ ਸਿਫ਼ਤ ਵਿੱਚ ਲੱਗੇ ਹੋਏ ਹਨ। ਹੋਰ ਸਿਫ਼ਤਿ ਸਾਲਾਹ ਕਰਨ ਦਾ ਚਾਅ ਪੈਦਾ ਹੋਵੇਗਾ।

ਦਰ ਦਰ ਭਟਕਣ ਦੀ ਰੁਚੀ ਮੁੱਕੇਗੀ। ਨਿਰੋਲ ਵਾਹਿਗੁਰੂ ਜੀ ਦਾ ਖ਼ਾਲਸਾ ਹੋਣ ਲਈ ਜਤਨ ਕਰੇਗਾ।

**'ਦੁਆਰਹਿ ਦੁਆਰਿ ਸੁਆਨ ਜਿਉ ਡੋਲਤ', ਵਾਲਾ ਵਤੀਰਾ ਹਟੇਗਾ।**
**'ਨਹ ਸੁਧ ਰਾਮ ਭਜਨ ਕੀ' ਅਰੰਭ ਹੋਵੇਗੀ।**

ਰਹਿਰਾਸ ਨੂੰ 'ਰਾਹਿ-ਰਾਸਤ', ਤੋਂ ਨਿਕਲਿਆ ਸ਼ਬਦ ਵੀ ਕਈ ਵਿਦਵਾਨ ਕਹਿੰਦੇ ਹਨ। 'ਸਹੀ ਰਾਹ ਹੈ ਕਿਹੜਾ', ਇਸੇ ਰਹਿਰਾਸ ਤੋਂ ਹੀ ਪਤਾ ਲਗਦਾ ਹੈ ਜਿਵੇਂ ਸਵੇਰ ਦਾ ਭੁੱਲਾ ਸ਼ਾਮ ਨੂੰ ਘਰ ਆ ਜਾਏ ਤਾਂ ਭੁੱਲਿਆ ਨਹੀਂ ਕਹਿੰਦੇ। ਇਸੇ ਤਰ੍ਹਾਂ ਜਿਨ੍ਹਾਂ ਰਹਿਰਾਸ ਕਮਾ ਲਈ ਉਹ ਰਾਹਿ-ਰਾਸਤ ਤੇ ਹਨ। ਭੁੱਲੇ ਜ਼ਰੂਰ ਸਨ ਪਰ ਸਿਫ਼ਤ ਸਾਲਾਹ ਵਾਲਾ ਸਹੀ ਰਾਹ ਉਨ੍ਹਾਂ ਨੂੰ ਮਿਲ ਗਿਆ। ਸਹੀ ਰਾਹ ਹੈ :

**ਉਸ ਦਾ ਦਰ ਕਦੇ ਨ ਛੋਡਣਾ 'ਭਾਵੈ ਲੋਕ ਹਸੈ।'**
**ਸੋ ਪੁਰਖ ਤੋਂ ਇਲਾਵਾ ਕਿਸੇ ਅੱਗੇ ਬੇਨਤੀ ਨਹੀਂ ਕਰਨੀ।**

ਭਾਵੇਂ ਕਿਤਨੇ ਹੀ ਦੁਖੜੇ ਸਹਾਰਨੇ ਪੈਣ ਜਾਂ ਕਿਤਨੇ ਹੀ ਕੋਈ ਲਾਲਚ ਦੇਵੇ। ਅਨੰਦ ਕਾਇਮ ਰਹਿੰਦਾ ਹੈ, ਗੁਰੂ ਦੀ ਸਿੱਖਿਆ ਸੁਣਿਆਂ, ਸਹਿਜ ਵਿੱਚ ਰਹਿਣ ਨਾਲ ਹਰ ਬੋਲ ਕਰਮ ਵਿੱਚ ਸੁਹਜ ਤੇ ਸੁਆਦ, 'ਚਜ-ਆਚਾਰ' ਅਤੇ ਵਾਹਿਗੁਰੂ ਤੇ ਆਪਣੇ ਦਰਮਿਆਨ ਸਿਵਾਇ ਸ਼ਬਦ ਦੇ ਕਿਸੇ ਨੂੰ ਨਾ ਆਉਣ ਦੇਵੇ ਭਾਵੇਂ ਉਹ ਕਿਤਨਾ ਵੀ ਵੱਡਾ

ਵਿਅਕਤੀ ਹੈ। ਤੱਕਦੇ ਰਹਿਣਾ ਕਿ ਮਨ ਮੁਰਝਾਇਆ ਤੇ ਨਹੀਂ। ਮਾਯੂਸੀ ਨੇ ਘੇਰਿਆ ਤਾਂ ਨਹੀਂ। ਤਨ ਆਲਸੀ ਤਾਂ ਨਹੀਂ ਹੋਣ ਲੱਗਾ।

ਰਹਿਤਨਾਮਿਆਂ ਵਿੱਚ ਇਹ ਵੀ ਆਇਆ ਹੈ ਕਿ ਜਿਨ੍ਹਾਂ ਪਰਿਵਾਰਾਂ ਨੇ ਰਹਿਰਾਸ ਇਕੱਠੀ ਕੀਤੀ, ਉਨ੍ਹਾਂ ਦੀ ਰਾਸਿ ਕਦੇ ਮੁੱਕੇਗੀ ਨਹੀਂ। (Family who prays together, stays together)। ਰਹਿਰਾਸ ਰਾਹੀਂ ਇਹ ਚੇਤਾਵਨੀ ਵੀ ਦਿੱਤੀ ਜਾ ਰਹੀ ਹੈ ਕਿ ਨਿਰੀ ਰਾਸਿ ਹੀ ਨਾ ਇਕੱਠੀ ਕਰਦਾ ਰਵ੍ਹੀਂ, ਰਹਿਰਾਸ ਵੀ ਇਕੱਠੀ ਕਰ ਜੋ ਆਤਮਕ ਰਾਹ ਦਾ ਤੋਸ਼ਾ ਹੈ।

## ਸੋ ਪੁਰਖ

ਪਹਿਲਾਂ ਸੋ ਪੁਰਖ ਦੀ ਬਾਣੀ ਵਿੱਚ ਵਾਹਿਗੁਰੂ ਦੇ ਗੁਣ ਦਰਸਾਏ ਹਨ। ਉਸ ਦੀ ਉਪਮਾ ਦੱਸੀ ਹੈ। ਫਿਰ ਉਸ ਅੱਗੇ ਬੇਨਤੀ ਕੀ ਕਰਨੀ ਹੈ ਅਤੇ ਕਿਵੇਂ ਕਰਨੀ ਹੈ, ਉਸ ਦੀ ਜਾਚ ਸਿਖਲਾਈ ਹੈ। ਵਾਹਿਗੁਰੂ ਦੇ ਗੁਣਾਂ ਵਿੱਚੋਂ ਕੁਝ ਹੀ ਦੱਸੇ ਹਨ ਜਿਵੇਂ ਉਹ ਨਿਰੰਜਨ ਹੈ, ਮਾਇਆ-ਰਹਿਤ ਹੈ। ਉਸ ਤੇ ਮਾਇਆ ਪ੍ਰਭਾਵ ਨਹੀਂ ਪਾ ਸਕਦੀ। ਪਹੁੰਚ ਤੋਂ ਪਰ੍ਹੇ ਹੈ ਪਰ ਸਿਰਜਨਹਾਰ ਹੈ। ਦਾਤਾਰ ਹੈ। ਦੁੱਖ ਵਿਸਾਰਣਹਾਰ ਹੈ। ਹਰ ਇੱਕ ਅੰਦਰ ਜੋ ਬੀਤ ਰਹੀ ਹੈ ਉਸ ਨੂੰ ਜਾਣਦਾ ਹੈ। ਉਸ ਦੀ ਖੇਡ ਚਾਰੇ ਪਾਸੇ ਵਰਤ ਰਹੀ ਹੈ। ਇਹ ਜੇ ਕੋਈ ਦਾਤਾ ਤੇ ਕੋਈ ਭਿਖਾਰੀ ਦਿਸਦੇ ਹਨ ਅਸਲ ਵਿੱਚ ਉਸ ਦੀ ਖੇਡ ਹੀ ਹੈ। ਉਹ ਨਿਰਭਉ ਹੈ। ਆਦਿ ਪੁਰਖ ਹੈ, ਸਦਾ ਸਦਾ ਹੈ। ਨਿਹਚਲ ਹੈ। ਉਸ ਵਿੱਚ ਹੀ ਸ਼ਕਤੀ ਹੈ ਢਾਹੁਣ ਤੇ ਉਸਾਰਨ ਦੀ। ਐਸੇ ਪੁਰਸ਼ ਅੱਗੇ ਅਰਦਾਸ ਕਰਨ ਵੇਲੇ ਪਹਿਲਾਂ ਨਿਮਰਤਾ ਧਾਰਨ ਦੀ ਲੋੜ ਹੈ। ਭਿਖਾਰੀ ਦੇਖ ਘਿਰਣਾ ਨਹੀਂ ਕਰਨੀ ਅਤੇ ਦਾਤਾ ਹੋਣ ਵਜੋਂ ਆਫਰਨਾ ਨਹੀਂ। ਜਾਚ ਕੁਰਬਾਨ ਹੋਣ ਦੀ ਚਾਹੀਦੀ ਹੈ। ਉਸ ਨੂੰ ਧਿਆਉਣ ਨਾਲ ਹੀ ਕੇਵਲ ਛੁੱਟ ਸਕਾਂਗੇ। ਧਿਆਉਂਦਿਆਂ ਡਰ ਦੂਰ ਹੋਣਗੇ। ਧਿਆਉਂਦਿਆਂ ਵੀ ਕਦੇ ਅਹੰਕਾਰ ਨਹੀਂ ਕਰਨਾ ਕਿਉਂਕਿ ਕਿਤਨੇ ਹੋਰ ਅਨੇਕਾਂ ਉਸ ਨੂੰ ਧਿਆ ਰਹੇ ਹਨ। ਕਈ ਸਿਮ੍ਰਤੀਆਂ ਦਾ ਪਾਠ ਕਰ ਰਹੇ ਹਨ। ਕਈ ਪੂਜਾ ਕਰ ਰਹੇ ਹਨ ਪਰ ਅਸਲ ਗੱਲ ਉਸ ਨੂੰ ਭਾ ਜਾਣਾ ਹੈ। ਮੁੱਖ ਵਿਚੋਂ ਤੂੰ ਨਿਕਲੇ "ਮੈ ਮੈ" ਮੇਰੀ, ਮੇਰੀ, ਮੁੱਕੇ। ਜੀ ਜੀ ਕੀਤਾ ਜਾਏ। ਮਿਠਾਸ ਹੋਵੇ। ਇੱਕੋ ਇਸ ਸ਼ਬਦ ਦੇ ਹਿੱਸੇ ਵਿੱਚ ਨੌਂ ਵਾਰੀ ਤੂੰ ਤੇ ੧੭ ਵਾਰੀ ਜੀ ਜੀ ਆਉਣਾ ਭਾ ਜਾਣ ਦਾ ਨੁਸਖਾ ਲਿਖਣ ਲਈ ਹੈ।

ਇਹ ਯਕੀਨ ਵੀ ਰਹਿਣਾ ਚਾਹੀਦਾ ਹੈ ਕਿ ਉਹ ਮੈਂਡਾ ਸਾਈਂ ਹੈ। ਮੇਰਾ ਮਾਲਕ ਹੈ। ਉਸ ਦੀ ਕ੍ਰਿਪਾ ਦੇ ਪਾਤਰ ਮਨਮੁੱਖ ਕਦੇ ਨਹੀਂ ਹੋਏ। ਗੁਰਮੁੱਖ ਹੀ ਹੁੰਦੇ ਹਨ। ਗੁਰਮੁੱਖ ਨੂੰ ਸੋਝੀ ਹੋ ਜਾਂਦੀ ਹੈ ਕਿ ਸਾਰਾ ਪਸਾਰਾ ਵਿਜੋਗ ਤੇ ਸੰਜੋਗ ਦਾ ਹੈ।

ਉਸ ਨੇ ਇਹ ਸੰਸਾਰ ਜੋ ਉਪਾਇਆ ਹੈ ਇਸ ਵਿੱਚ ਪਾਣੀ ਅਤੇ ਅਗਨੀ ਹੈ। ਕੋਈ ਵਿਰਲਾ ਇਸ ਮਨ ਦੀਆਂ ਉੱਠਦੀਆਂ ਤਰੰਗਾਂ ਨੂੰ ਉਖੇੜ ਅਤੇ ਤ੍ਰਿਸ਼ਨਾ ਦੀ ਅੱਗ ਤੋਂ

ਬਚ ਸਕਦਾ ਹੈ । ਬਚ ਉਹ ਹੀ ਸਕਦਾ ਹੈ ਜਿਸ ਨੇ ਪਕੜ, ਮੋਹ ਗਵਾਇਆ ਹੈ । ਖ਼ਾਸ ਖ਼ਿਆਲੀ ਹੈ ਕਿ ਕੋਈ ਜਤ, ਸਤ, ਰੀਤ, ਰਸਮ, ਪੂਜਾ ਤੇ ਫੋਕੇ ਕਰਮਾਂ ਨਾਲ ਪਕੜ ਗਵਾ ਸਕਦਾ ਹੈ । ਬਸ ਇੱਕ ਹੀ ਰਾਹ ਹੈ, ਪਕੜ ਗਵਾਉਣ ਦਾ ਕਿ ਸਤਿਸੰਗਤ ਵਿੱਚ ਜਾਏ । ਸਾਧ ਸੰਗਤ ਹੀ ਸਭ ਮੈਲ ਹਰੇਗੀ । ਪ੍ਰਭੂ ਪ੍ਰਾਪਤੀ ਦਾ ਸਮਾਂ ਇਹ 'ਜਬ ਲਗ ਘਟ ਮਹਿ ਸਾਸੁ ਹੀ ਹੈ ਇਹ ਸੁਆਸ ਕਦੇ ਜਪ, ਤਪ ਸੰਜਮ ਕਰਕੇ ਜਾਇਆ ਨਹੀਂ ਕਰ ਲੈਣੇ । ਪ੍ਰਭੂ-ਪ੍ਰਾਪਤੀ ਦੀ ਦਲ੍ਹੀਜ਼ ਦੇਹੁਰੀਆ ਇਹ ਸਰੀਰ ਹੈ । ਇਸ ਦਲ੍ਹੀਜ਼ ਥਾਣੀਂ ਅੰਦਰ ਗਿਆ ਭਾਵ ਮਿਲੇ ਸਵਾਸਾਂ ਨੂੰ ਸਿਮਰਨ ਵਿੱਚ ਲਗਾਇਆਂ ਤੇ ਸਤਿਸੰਗਤ ਸਰਨ ਗਿਆ, ਸੋ ਪੁਰਖ ਦੇ ਦੀਦਾਰ ਵੀ ਹੁੰਦੇ ਹਨ ਅਤੇ ਕ੍ਰਿਪਾ ਵੀ ਮਿਲਦੀ ਹੈ ।

ਧੰਨਵਾਦ ਸਾਹਿਤ ਵਿਚੋਂ :- ਸਤਿਬੀਰ ਸਿੰਘ

## ਗਤੀਵਿਧੀਆਂ :-

### ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-

ਮਿਤੀ 17-09-2019 ਦਿਨ ਮੰਗਲਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ **'ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥'** ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਤੇ ਕਥਾ ਦੀ ਸੇਵਾ ਵਾਇਸ ਪ੍ਰਿੰਸਪਿਲ ਭਾਈ ਹਰਵੀਰ ਸਿੰਘ ਨੇ ਨਿਭਾਈ ।ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

### ਸੈਸ਼ਨ 2016-19 ਦੀ ਸਫਲਤਾ ਸਹਿਤ ਸੰਪੂਰਨਤਾ :-

ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਸੈਸ਼ਨ 2016-19 ਦੇ ਵਿਦਿਆਰਥੀਆਂ ਨੂੰ ਮਿਤੀ 2-9-2019 ਨੂੰ ਸਫਲਤਾ ਸਹਿਤ ਕੌਰਸ ਸੰਪੂਰਨ ਕਰਨ ਤੇ ਗੁਰਮਤਿ ਪ੍ਰਚਾਰ ਦੇ ਸਰਟੀਫਿਕੇਟ ਵੰਡੇ ਗਏ । ਇਸ ਮੌਕੇ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦਾ ਸਮੂਹ ਸਟਾਫ ਅਤੇ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਪ੍ਰਬੰਧਕ ਹਾਜ਼ਰ ਸਨ।

## ਅਕਤੂਬਰ ਮਹੀਨੇ ਦੇ ਸਮਾਗਮ:-

1. ਨਾਨਕਸ਼ਾਹੀ ਜੰਤਰੀ ਅਨੁਸਾਰ ਕੱਤਕ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 17-10-2019 ਦਿਨ ਵੀਰਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ 'ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥' ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

ੴ ਵਾਹਿਗੁਰੂ ਜੀ ਕੀ ਫ਼ਤਹਿ

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਵਲੋਂ

## ਜਨਰਲ (ਡਾ.) ਜਸਵੰਤ ਸਿੰਘ ਚੈਰੀਟੇਬਲ ਟ੍ਰਸਟ (ਰਜਿ.) ਦੇ ਉਪਰਾਲੇ ਨਾਲ

# ਫਰੀ ਮੈਡੀਕਲ ਕੈਂਪ

**ਸਥਾਨ:- ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ (ਸੰਨੀ ਇਨਕਲੇਵ ਦੇ ਸਾਹਮਣੇ)**

**ਮਿਤੀ 02 ਅਕਤੂਬਰ 2019 (ਦਿਨ ਬੁੱਧਵਾਰ)** ਸਮਾਂ :- ਸਵੇਰੇ 9.00 ਤੋਂ 1.00 ਵਜੇ ਦੁਪਹਿਰ ਤੱਕ

## ਸੇਵਾਵਾਂ ਦਾ ਵੇਰਵਾ

ਹੇਠ ਲਿਖੇ ਡਾਕਟਰ ਸਾਹਿਬਾਨ ਆਪਣੇ ਆਪਣੇ ਕੰਮ ਦੀਆਂ ਸੇਵਾਵਾਂ ਨਿਭਾਉਣਗੇ।

| ਕਾਰਡੀਓਲੌਜੀ ਅਤੇ ਨਿਊਰੋਜੀ | ਅੱਖਾਂ ਦੀਆਂ ਬੀਮਾਰੀਆਂ | ਜਨਰਲ ਬੀਮਾਰੀਆਂ | ਦੰਦਾਂ ਦਾ ਚੈਕ ਅੱਪ | ਕੰਨ, ਨੱਕ ਅਤੇ ਗਲਾ |
|---|---|---|---|---|
| Dr. Dalbir Singh | Dr. Jai Singh | Dr. Harpreet Kaur | Dr. Manpreet Kaur | Dr. Bushan Chauhan |
| M.D. FICA (USA) | M.D.(Eye Specialist) | M.B.B.S. | B.D.S. | M.B.B.S. M.S. (ENT) |

**Clinical Lab Test**

1. ਮੁੱਢਲੇ ਲੈਬ ਟੈਸਟ ਮੁਫਤ ਕੀਤੇ ਜਾਣਗੇ ਜਿਸ ਵਿੱਚ Hb, Blood Sugar Random, Urine R/E ਹੋਣਗੇ। 2. ਬਾਕੀ ਲੈਬ ਟੈਸਟਾਂ ਦੇ ਸਸਤੇ ਪੈਕੇਜ ਹਨ। 3. Weight, Pulse, Blood Pressure ਅਤੇ ਬੁਖਾਰ ਦਾ ਚੈਕ ਅੱਪ ਫਰੀ ਕੀਤਾ ਜਾਵੇਗਾ।

**ਨੋਟ**

1. ਡਾਕਟਰਾਂ ਦੀ ਕੋਈ ਜਾਂਚ ਫੀਸ ਨਹੀਂ ਹੈ। ਰਜਿਸਟ੍ਰੇਸ਼ਨ ਕਾਰਡ 10 ਰੁਪਏ ਵਿੱਚ ਬਣਾਇਆ ਜਾਵੇਗਾ।
2. ਕੈਂਪ ਵਾਲੇ ਦਿਨ ਦਵਾਈ ਮੁਫਤ ਦਿਤੀ ਜਾਵੇਗੀ।
3. ਕੈਂਪ ਦੌਰਾਨ ਐਨਕਾਂ ਦੇ ਨੰਬਰ ਮੁਫਤ ਦਿਤੇ ਜਾਣਗੇ ਅਤੇ ਐਨਕਾਂ ਸਪੈਸ਼ਲ Concession ਤੇ ਬਣਾਈਆਂ ਜਾਣਗੀਆਂ।

## ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੇਂਟਰ

ਕਾਰਜਕਾਰੀ ਦਫ਼ਤਰ:- ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਸਾਹਮਣੇ ਸੰਨੀ ਇਨਕਲੇਵ, ਮੁੰਡੀ ਖਰੜ

(ਫੋਨ:-94171-90438, 98761-77803, 98 14 00 77 77)

ਧੰਨ - ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਜੀਵਨ-ਜੁਗਤਿ ਸੈਮੀਨਾਰ

**ਮਿਤੀ**
19 ਅਕਤੂਬਰ 2019 (ਸ਼ਨੀਵਾਰ)

**ਸਮਾਂ**
ਸਵੇਰੇ 9.30 ਵਜੇ ਤੋਂ 2.00 ਵਜੇ ਤੱਕ

**ਸਥਾਨ**
ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਜੀ ਸੈਕਟਰ-34, ਚੰਡੀਗੜ੍ਹ

**ਸੈਮੀਨਾਰ ਦਾ ਵੇਰਵਾ**



**ਪ੍ਰੋ. ਮਨਜੀਤ ਸਿੰਘ ਜੀ**
ਸਾਬਕਾ ਜੱਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਜੀ
ਵਿਸ਼ਾ: ਪ੍ਰਦੂਸ਼ਨ-ਕੰਟ੍ਰੋਲ-
(ਮਨਿ ਮੈਲੈ ਸੂਚਾ ਕਿਉ ਹੋਇ ॥)



**ਗਿਆਨੀ ਹਰਪਾਲ ਸਿੰਘ ਜੀ**
ਹੈੱਡ ਗ੍ਰੰਥੀ, ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਜੀ
ਵਿਸ਼ਾ: ਗੁਰੂ ਨਾਨਕ ਪਾਤਸ਼ਾਹ ਦਾ ਕਿਰਤ-ਕੀਰਤੀ ਦਾ ਸਿਧਾਂਤ
(ਘਾਲਿ ਖਾਇ ਕਿਛੁ ਹਥਹੁ ਦੇਇ ॥)



**ਭਾਈ ਹਰਵਿੰਦਰ ਸਿੰਘ ਜੀ, ਸੋਹਾਣਾ**
ਵਿਸ਼ਾ: ਸੰਸਾਰਿਕ/ਅਧਿਆਤਮਕ ਗਿਆਨ
(ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥)

**ਸੰਗਤਾਂ ਦੇ ਦਾਸ**

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.),
ਛੱਜੂ ਮਾਜਰਾ ਰੋਡ, ਸਾਹਮਣੇ ਸੰਨੀ ਇਨਕਲੇਵ, ਮੁੰਡੀ ਖਰੜ
ਫੋਨ ਨੰ.- 98761-77803, 9814007777, 94171 90438

ਪ੍ਰਬੰਧਕ ਕਮੇਟੀ
ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ
ਸੈਕਟਰ-34, ਚੰਡੀਗੜ੍ਹ 94645-67749, 98789-50546

Taj Offset Printers, 9888540335

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਸਕੂਲੀ ਬੱਚਿਆਂ ਲਈ ਸ਼ਬਦ-ਕੀਰਤਨ ਅਤੇ ਗੁਰਬਾਣੀ / ਇਤਿਹਾਸ Quiz ਮੁਕਾਬਲੇ

## ਮਿਤੀ 22-10-2019 (ਮੰਗਲਵਾਰ) ਸਵੇਰੇ 9 ਵਜੇ

**ਸਥਾਨ:-ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਸੈਕਟਰ-34, ਚੰਡੀਗੜ੍ਹ**

**ਇਨਾਮਾ ਦਾ ਵੇਰਵਾਂ**

| | |
|---|---|
| ਪ੍ਰਥਮ ਜੇਤੂ ਟੀਮ ਨੂੰ ਇਨਾਮ | 11,000/- ਰੁਪੈ, |
| ਦੂਸਰੇ ਨੰਬਰ ਦੀ ਟੀਮ ਇਨਾਮ | 5,100/- ਰੁਪੈ |
| ਤੀਸਰੇ ਨੰਬਰ ਦੀ ਟੀਮ ਇਨਾਮ | 3,100/- ਰੁਪੈ |

ਜੇਤੂ ਟੀਮ ਦੇ ਸਕੂਲ ਨੂੰ ਇੱਕ (Shield) ਸ਼ੀਲਡ ਦਿੱਤੀ ਜਾਵੇਗੀ ਅਤੇ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਪਾਰਟੀਸੀਪੇਸ਼ਨ ਸਰਟੀਫਿਕੇਟ ਦਿੱਤੇ ਜਾਣਗੇ ।

ਸੰਗਤਾਂ ਦੇ ਦਾਸ

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.),
ਛੱਜੂ ਮਾਜਰਾ ਰੋਡ, ਸਾਹਮਣੇ ਸੰਨੀ ਇਨਕਲੇਵ, ਮੁੰਡੀ ਖਰੜ
ਫੋਨ ਨੰ.- 98761-77803, 9814007777, 94171 90438

ਪ੍ਰਬੰਧਕ ਕਮੇਟੀ
ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ
ਸੈਕਟਰ-34, ਚੰਡੀਗੜ੍ਹ 94645-67749, 98789-50546



ੴ ਸਤਿਗੁਰ ਪ੍ਰਸਾਦਿ

ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਗਤਾਂ ਵੱਲੋਂ ਕੀਤੇ

# ਸਹਿਜ ਪਾਠਾਂ ਦੀ ਸਮਾਪਤੀ

ਤੇ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ।

**ਮਿਤੀ**
03 ਨਵੰਬਰ 2019 (ਐਤਵਾਰ)

**ਸਮਾਂ**
ਸਵੇਰੇ 7.30 ਵਜੇ ਤੋਂ 11.30 ਵਜੇ ਤੱਕ

**ਸਥਾਨ**
ਗੁਰਮਤਿ ਪ੍ਰਸਾਰ ਭਵਨ,
ਛੱਜੂ ਮਾਜਰਾ ਰੋਡ, ਮੁੰਡੀ ਖਰੜ

**ਪ੍ਰੋਗਰਾਮ**

| | |
|---|---|
| ਪਾਠ ਸ੍ਰੀ ਸੁਖਮਨੀ ਸਾਹਿਬ ਜੀ | 8.00 ਵਜੇ ਤੋਂ 9.00 ਵਜੇ ਸਵੇਰੇ |
| ਕੀਰਤਨ | 9.00 ਵਜੇ ਤੋਂ 10.00 ਵਜੇ ਸਵੇਰੇ |
| ਸੰਗਤੀ ਰੂਪ ਵਿੱਚ ਸਹਿਜ ਪਾਠਾਂ ਦੀ ਸਮਾਪਤੀ | 10.00 ਵਜੇ ਤੋਂ 11.00 ਵਜੇ ਸਵੇਰੇ |
| ਗੁਰਮਤਿ ਵਿਚਾਰ | 11.00 ਵਜੇ ਤੋਂ 11.15 ਵਜੇ ਸਵੇਰੇ |

ਉਪਰੰਤ ਸਮਾਪਤੀ ਤੇ ਗੁਰੂ ਕਾ ਲੰਗਰ ਅਟੁੱਟ ਵਰਤੇਗਾ

**ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)**
ਕਾਰਜਕਾਰੀ ਦਫ਼ਤਰ:- ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਸਾਹਮਣੇ ਸੰਨੀ ਇਨਕਲੇਵ, ਮੁੰਡੀ ਖਰੜ
ਫੋਨ:-94171-90438, 98761-77803, 98 14 00 77 77

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

**ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ**

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਸਤੰਬਰ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 101 | 172 | 273 |
| 2 | Eye | 26 | 35 | 61 |
| 3 | E.N.T. | 08 | 26 | 34 |
| 3 | Cardiology | 07 | 52 | 59 |
| 4 | Dental | 05 | 13 | 18 |
| 5 | Gynaecology | 14 | 32 | 46 |
| 6 | Homoeopathy | 26 | 384 | 410 |
| | Total | 187 | 714 | 901 |
| | Laboratory | 230 | | 230 |

## ਧੰਨਵਾਦਿ :

## ਸਤੰਬਰ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Dhanwant Singh #447/Phase- 4/Mohali 1,000/-
2. S. Surjit Singh # 589/Silver Enclave/Sec125 500/-
3. S. Sarbjit Singh #49A/Comfort Homes/Kharar 7,000/-
4. S. Tejinder Pal Singh/A-51 Ansal Sushant City/Sector-19/Panipat 15,000/-
5. S. Harjinder Singh # 12/Sunny Enclave/M.K 500/-
6. Dr. Saranjit Singh #2817/Phase- 7/Mohali 2,000/-
7. S. Harjit Singh Duggal B-41/Kailash Colony/South Delhi 2,000/-
8. S. Surinder Singh # 3307/Sector- 19D/Chd 30,000/-
9. Bibi Prabhjot Kaur # 3307/Sector- 19D/Chd 30,000/-
10. S. Maninder Singh/Mohali 500/-
11. Mr. Sunny Bhatia # 1483/1/Sector-43C/Chd 500/-
12. Bibi Rajleen Kaur #836/Phase II/Mohali 500/-
13. Bibi. Harleen Kaur Sarna #107G, Shivalik Vihar Naya Goan, Mohali 500/-
14. Bibi Harpreet Kaur #461/Sec 44A/Chd 1,000/-
15. S. Harsharnpal Singh Bhatia #461/Sec. 44A 1,000/-
16. Bibi Gurdeep Kaur #461/Sec. 44A/Chd 1,000/-
17. S. D.P Singh #393/Phase- 9/Mohali 1,200/-
18. Bibi Surjit Kaur #1444/Sector- 34C/Chd 2,100/-
19. S. Narinder Bir Singh #1444/Sector- 34C/Chd 2,500/-
20. Mrs. Satinder Maini # 402/ EMRALD TOWER/Landra Road/Kharar 1,100/-
21. S. Parminder Pal Singh # 202/Punjabi Bagh/Patiala 21,000/-
22. S. Jasjit Singh # 70A/SBP Home/Kharar 1,000/-
23. Dr. (Ms.) Devinder Bhatia #1541/Sector- 34D/Chd 20,000/-
24. S. Satnam Singh 500/-
25. Bibi Harsimrat Kaur 200/-
26. S. Mandeep Singh/ Mundi Kharar 101/-
27. S. Lovepreet Singh/ Mundi Kharar 100/-
28. S. Naunihal Singh/ Mundi Kharar 500/-
29. S. Dilbagh Singh/ Satkar Properties M.Kharar 500/-
30. S. Jagjit Singh/ Mundi Kharar 100/-
31. S. Harjinder Singh/ Mundi Kharar 100/-
32. Bibi Devinder Kaur #1343/Sector- 33C/Chd 5,000/-
33. Bibi Surinder Kaur #1364/Sector- 33C/Chd 500/-
34. S. Amar Singh Shah #1185/Sector- 43B/Chd 500/-
35. Bibi Kuldeep Kaur # 20C, Krishna Nagar,Safdarjang Enclave, New Delhi 1,000/-
36. Bibi Hardeep Kaur Saluja#53/Sec70/Mohali 5,000/-
37. S. Mohinder Satnam Singh #818/Ph3BI 2,000/-

**ਬੇਨਤੀ** ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।